## ਦਫਤਰ ਮਿਊਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਊਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਧਾਰਨ ਮੀਟਿੰਗ ਮਿਤੀ: 24/06/2019 ਨੂੰ ਸਵੇਰੇ 11:30 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਊਂਸਪਲ ਭਵਨ, ਸੈਕਟਰ 68 ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 17 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 33 | ਸ੍ਰੀ ਰਵਿੰਦਰ ਸਿੰਘ, ਮੈਂਬਰ ਵਾਰਡ ਨੰ. 38 |
| 2 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 18 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 34 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 |
| 3 | ਸ੍ਰੀ ਨਰਾਇਣ ਸਿੰਘ ਸਿੱਧੂ,ਮੈਂਬਰ ਵਾਰਡ ਨੰ:2 | 19 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 35 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 |
| 4 | ਸ੍ਰੀਮਤੀ ਸੁਮਨ, ਮੈਂਬਰ ਵਾਰਡ ਨੰ:3 | 20 | ਸ੍ਰੀ ਫੂਲਰਾਜ ਸਿੰਘ, ਮੈਂਬਰ ਵਾਰਡ ਨੰ:21 | 36 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 |
| 5 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 21 | ਸ੍ਰੀਮਤੀ ਸੁਰਜੀਤ ਕੌਰ ਸੋਢੀ, ਮੈਂਬਰ ਵਾਰਡ ਨੰ:22 | 37 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.42 |
| 6 | ਸ੍ਰੀ ਭਾਰਤ ਭੂਸ਼ਨ ਮੈਣੀ, ਮੈਂਬਰ ਵਾਰਡ ਨੰ:5 | 22 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 38 | ਸ੍ਰੀਮਤੀ ਕਮਲਜੀਤ ਕੌਰ, ਮੈਬਰ ਵਾਰਡ ਨੰ:43 |
| 7 | ਸ੍ਰੀ ਨਿਛੱਤਰ ਸਿੰਘ, ਮੈਂਬਰ ਵਾਰਡ ਨੰ:6 | 23 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 39 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 8 | ਸ੍ਰੀਮਤੀ ਕੁਲਵੰਤ ਕੌਰ, ਮੈਂਬਰ ਵਾਰਡ ਨੰ.7 | 24 | ਸ੍ਰੀਮਤੀ ਕੁਲਵਿੰਦਰ ਕੌਰ ਰੰਗੀ,ਮੈਂਬਰ ਵਾਰਡ ਨੰ:26 | 40 | ਸ੍ਰੀ ਸੁਰਿੰਦਰ ਸਿੰਘ ਰਾਜਪੂਤ,ਮੈਂਬਰ ਵ.ਨੰ.45 |
| 9 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 25 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 41 | ਸ੍ਰੀਮਤੀ ਰਾਜਿੰਦਰ ਕੌਰ, ਮੈ੍ਬਰ ਵ.ਨੰ. 46 |
| 10 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 26 | ਸ੍ਰੀ ਹਰਦੀਪ ਸਿੰਘ ਸਰਾਓ, ਮੈਂਬਰ ਵਾਰਡ ਨੰ:28 | 42 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 11 | ਸ੍ਰੀਮਤੀ ਕੁਲਦੀਪ ਕੋਰ ਕੰਗ, ਮੈਂਬਰ ਵ.ਨੰ.10 | 27 | ਸ੍ਰੀਮਤੀ ਓਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 43 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ:48 |
| 12 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 28 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | 44 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 13 | ਸ੍ਰੀ ਰਾਜਿੰਦਰ ਸਿੰਘ ਰਾਣਾ, ਮੈਂਬਰ ਵਾਰਡ ਨੰ:12 | 29 | ਸ੍ਰੀਮਤੀ ਰਜ਼ਨੀ ਗੋਇਲ, ਮੈ੍ਬਰ ਵਾਰਡ ਨੰ. 34 | | |
| 14 | ਸ੍ਰੀਮਤੀ ਜਸਪ੍ਰੀਤ ਕੌਰ,ਮੈਂਬਰ ਵਾਰਡ ਨੰ. 13 | 30 | ਸ੍ਰੀ ਪਰਵਿੰਦਰ ਸਿੰਘ,ਮੈਂਬਰ ਵਾਰਡ ਨੰ.35 | | |
| 15 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 31 | ਸ੍ਰੀ ਸ਼ਿੰਦਰ ਪਾਲ ਸਿੰਘ, ਮੈਂਬਰ ਵਾਰਡ ਨੰ.36 | | |
| 16 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 32 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 | | |

ਡਿਪਟੀ ਕੰਟਰੋਲਰ,(ਵਿੱਤ ਤੇ ਲੇਖਾ)ਡਾਇਰੈਕਟੋਰੇਟ,ਸਥਾਨਕ ਸਰਕਾਰ,ਵਿਭਾਗ,ਪੰਜਾਬ,ਚੰਡੀਗੜ੍ਹ ਜੀ ਵੱਲੋਂ ਨਗਰ ਨਿਗਮ, ਐਸ.ਏ.ਐਸ.ਨਗਰ ਦਾ ਬਜਟ ਸਾਲ 2019-2020 ਆਪਣੇ ਦਫਤਰ ਦੇ ਪੱਤਰ ਨੰ. ਲੇਖਾਕਾਰ-6-ਓਕਵਲ-ਡਸਸ-(ਨਿਗਮ/454/63)-19/23274 ਮਿਤੀ 22/5/2019 ਰਾਂਹੀ ਦੱਸਿਆ ਗਿਆ ਹੈ ਕਿ ਇਹ ਬਜਟ ਪ੍ਰਮੁੱਖ ਸਕੱਤਰ,ਸਥਾਨਕ ਸਰਕਾਰ,ਪੰਜਾਬ ਜੀ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਜਿਸ ਦੀ ਜਾਣਕਾਰੀ ਹਾਊਸ ਨੂੰ ਵਿਸਥਾਰ-ਪੂਰਵਕ ਦਿੱਤੀ ਗਈ ।

| Sr. No. | Resolution No. | Date of Meeting | Resolution Description | Orders of Competent Authority<br>ਪ੍ਰਵਾਨਗੀ ਜਨਰਲ ਹਾਊਸ |
|---|---|---|---|---|
| 1 | 491 | 24/06/19 | ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 01/02/2019 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | ਪਿਛਲੀ ਮੀਟਿੰਗ ਮਿਤੀ 01/02/2019 ਦੀ ਪੁਸ਼ਟੀ ਸਰਬ ਸੰਮਤੀ ਨਾਲ ਕੀਤੀ ਗਈ। |
| 2 | 492 | 24/06/19 | **ਸਪਲਾਈ ਆਫ ਫਿਊਲ ਵੂਡ ਇੰਨ ਕਰੀਮੇਸ਼ਨ ਗਰਾਂਉਡ ਇੰਨ ਇੰਡ: ਏਰੀਆ ਫੇਜ-7, ਮੋਹਾਲੀ ਤਖਮੀਨਾ ਲਾਗਤ 33.66 ਲੱਖ ਸਬੰਧੀ – ਕੰਮ ਵਿੱਚ 25% ਦਾ ਵਾਧਾ ਕਰਨ ਬਾਰੇ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ ਵੱਲੋਂ ਨਗਰ ਨਿਗਮ ਦੇ ਮੌਜੂਦਾ ਸ਼ਮਸ਼ਾਨਘਾਟ ਲਈ ਲੱਕੜਾਂ ਦੀ ਸਪਲਾਈ ਦਾ ਤਖਮੀਨਾ 39.29 ਲੱਖ ਦਾ ਤਿਆਰ ਕੀਤਾ ਗਿਆ ਸੀ ਅਤੇ ਇਹ ਕੰਮ ਹਾਊਸ ਦੀ ਮੀਟਿੰਗ ਮਿਤੀ 11.12.2018 ਵਿੱਚ ਮਤਾ ਨੰ: 465 ਦੇ ਲੜੀ ਨੰ: 6 ਰਾਹੀਂ ਪਾਸ ਕਰਵਾ ਲਿਆ ਗਿਆ ਸੀ। ਇਸ ਦੀ ਪ੍ਰਵਾਨਗੀ ਸਰਕਾਰ ਪਾਸੋਂ ਪੱਤਰ ਨੰ: 6226 ਮਿਤੀ 06.02.2019 ਰਾਹੀਂ ਮਿਲੀ ਸੀ। ਇਸ ਉਪਰੰਤ ਇਸ ਕੰਮ ਦੇ ਟੈਂਡਰ ਲਗਵਾਏ ਗਏ ਸਨ ਜਿਸ ਵਿੱਚ ਸੋਸਾਇਟੀਆਂ ਦੇ ਕਾਗਜ ਨਾ ਪੂਰੇ ਹੋਣ ਕਾਰਨ ਇਹ ਟੈਂਡਰ ਕੈਂਸਲ ਕਰ ਦਿੱਤੇ ਗਏ ਸਨ।ਇਲੈਕਸ਼ਨ ਡਿਕਲੇਅਰ ਹੋਣ ਕਾਰਨ ਕੋਡ ਆਫ ਕੰਡਕਟ ਲੱਗਣ ਕਰਕੇ ਦੁਬਾਰਾ ਟੈਂਡਰ ਲਗਾਉਣ ਲਈ ਇਲੈਕਸ਼ਨ ਕਮਿਸ਼ਨ ਤੋਂ ਪ੍ਰਵਾਨਗੀ ਲੈਣੀ ਪਵੇਗੀ, ਜਿਸ ਕਾਰਨ ਇਸ ਕੰਮ ਵਿੱਚ ਸਮਾਂ ਲੱਗ ਸਕਦਾ ਹੈ। ਇਸ ਸਮੇਂ ਸ਼ਮਸ਼ਾਨ ਘਾਟ ਵਿੱਖੇ ਲੱਕੜਾਂ ਕਾਫੀ ਘੱਟ ਹਨ। ਇਹ ਕੰਮ ਜਰੂਰੀ ਨੇਚਰ ਦਾ ਹੋਣ ਕਾਰਨ ਰੋਕਿਆ ਨਹੀਂ ਜਾ ਸਕਦਾ ਇਸ ਲਈ ਪਹਿਲਾਂ ਚੱਲ ਰਹੇ (33.66 ਲੱਖ) ਕੰਮ ਵਿੱਚ 25% ਦਾ ਵਾਧਾ ਕਰਨ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 26.03.2019 ਨੂੰ ਪ੍ਰਵਾਨਗੀ ਲਈ ਮੇਅਰ, ਨਗਰ ਨਿਗਮ ਜੀ ਨੂੰ ਭੇਜਿਆ ਗਿਆ, ਜਿਨ੍ਹਾਂ ਵੱਲੋਂ ਇਸ ਦੀ ਪ੍ਰਵਾਨਗੀ ਮਿਤੀ 28.03.2019 ਨੂੰ ਦਿੱਤੀ ਗਈ ਹੈ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ।<br>ਕੁੱਝ ਮੈਂਬਰ ਸਾਹਿਬਾਨਾ ਵੱਲੋਂ ਹਾਊਸ ਦੇ ਧਿਆਨ ਵਿੱਚ ਲਿਆਦਾ ਗਿਆ ਕਿ ਕਰੀਮੇਸ਼ਨ ਕਰਨ ਆਏ ਲੋਕਾਂ ਵੱਲੋਂ ਜੋ ਗੱਡੀਆ ਉੱਥੇ ਪਾਰਕਿੰਗ ਵਿੱਚ ਖੜੀਆ ਕੀਤੀਆਂ ਜਾਂਦੀਆਂ ਹੈ, ਉਹਨਾਂ ਦੇ ਸ਼ੀਸੇ ਸ਼ਰਾਰਤੀ ਆਨਸਰਾਂ ਵੱਲੋਂ ਤੋੜ ਦੇ ਲੋਕਾਂ ਦੇ ਮੁਬਾਇਲ, ਪਰਸ ਆਦਿ ਚੋਰੀ ਕਰ ਲਏ ਜਾਂਦੇ ਹਨ।ਜਿਸ ਤੇ ਮੇਅਰ ਸਾਹਿਬ ਵੱਲੋਂ ਕਮਿਸ਼ਨਰ, ਨਗਰ ਨਿਗਮ ਜੀ ਨੂੰ ਕਿਹਾ ਗਿਆ ਕਿ ਹਾਲ ਦੀ ਘੜੀ ਉੱਥੇ ਚੌਕੀਦਾਰ ਤੈਨਾਤ ਕੀਤਾ ਜਾਵੇ ਅਤੇ ਪਾਰਕਿੰਗ ਵਿੱਚ ਕੈਮਰੇ ਲਗਾਉਣ ਦਾ ਤਖਮੀਨਾ ਤਿਆਰ ਕੀਤਾ ਜਾਵੇ। |

| | | | | |
|---|---|---|---|---|
| 3 | 493 | 24/06/19 | **ਸ੍ਰੀ ਪਰਮਿੰਦਰ ਸਿੰਘ, ਸੀਵਰਮੈਨ (ਗੂੰਗਾ ਬੋਲਾ) ਦੀ ਬਦਲੀ ਨਗਰ ਨਿਗਮ, ਜਲੰਧਰ ਤੋਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਹੋਣ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਮੀਮੋ ਨਬੰਰ ਸ2-ਡਸਸ-ਮਸਸ-2019/69 ਮਿਤੀ 28/02/2019 ਰਾਹੀਂ ਸ੍ਰੀ ਪਰਮਿੰਦਰ ਸਿੰਘ, ਸੀਵਰਮੈਨ (ਗੂੰਗਾ ਬੋਲਾ) ਦੀ ਬਦਲੀ ਨਗਰ ਨਿਗਮ, ਜਲੰਧਰ ਤੋਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕੀਤੀ ਗਈ ਹੈ ਅਤੇ ਇਸ ਮੀਮੋ ਦਾ ਇਕ ਉਤਾਰਾ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਭੇਜਕੇ ਲਿਖਿਆ ਗਿਆ ਹੈ ਕਿ ਇਸ ਸਬੰਧੀ ਲੋੜੀਂਦੀ ਪ੍ਰੀਕ੍ਰਿਆ ਮੁੰਕਮਲ ਕਰਵਾਈ ਜਾਵੇ। ਇਸ ਤੋਂ ਇਲਾਵਾ ਇਹ ਵੀ ਦੱਸਣਯੋਗ ਹੈ ਕਿ ਉਕਤ ਕਰਮਚਾਰੀ ਨੂੰ ਨਗਰ ਨਿਗਮ, ਜਲੰਧਰ ਵੱਲੋਂ ਪੱਤਰ ਨੰਬਰ 12/0/ਜੇ.ਸੀ./ਆਰ.ਜੇ/ਜੀ ਮਿਤੀ 06/03/2019 ਰਾਹੀਂ ਨਗਰ ਨਿਗਮ, ਮੋਹਾਲੀ ਵਿਖੇ ਹਾਜਰ ਹੋਣ ਲਈ ਡਿਊਟੀ ਤੋਂ ਫਾਰਗ ਕਰਨ ਉਪਰੰਤ ਇਸ ਕਰਮਚਾਰੀ ਵੱਲੋਂ ਮਿਤੀ 07/03/2019 ਨੂੰ ਦੁਪਹਿਰ ਤੋਂ ਪਹਿਲਾਂ ਆਪਣੀ ਹਾਜਰੀ ਇਸ ਨਗਰ ਨਿਗਮ ਵਿਖੇ ਦੇ ਦਿੱਤੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਸ ਕਰਮਚਾਰੀ ਦੀ ਇਸ ਨਗਰ ਨਿਗਮ ਵਿਖੇ ਤੈਨਾਤੀ/ ਤਬਦੀਲੀ ਨੂੰ ਨਗਰ ਨਿਗਮ ਦੇ ਹਾਊਸ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ।ਪ੍ਰੰਤੂ ਕਿਉਂ ਜੋ ਕਰਮਚਾਰੀ ਨੂੰ ਪਹਿਲਾਂ ਹੀ ਨਗਰ ਨਿਗਮ, ਜਲੰਧਰ ਵੱਲੋਂ ਫਾਰਗ ਕਰਨ ਕਾਰਨ ਕਰਮਚਾਰੀ ਵੱਲੋਂ ਇਸ ਨਗਰ ਨਿਗਮ ਵਿਖੇ ਆਪਣੀ ਹਾਜਰੀ ਰਿਪੋਰਟ ਮਿਤੀ 07/03/2019 ਨੂੰ ਪੇਸ਼ ਕਰ ਦਿੱਤੀ ਹੈ। ਇਸ ਲਈ ਇਸ ਕਰਮਚਾਰੀ ਦੀ ਇਸ ਨਗਰ ਨਿਗਮ ਵਿਖੇ ਹੋਈ ਤੈਨਾਤੀ/ ਤਬਦੀਲੀ ਨੂੰ ਕਾਰਜਬਾਅਦ ਪ੍ਰਵਾਨਗੀ ਦੇਣ ਲਈ ਰਿਪੋਰਟ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| 4 | 494 | 24/06/19 | **ਸ੍ਰੀਮਤੀ ਮੋਨਿਕਾ, ਸੇਵਾਦਾਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਬਦਲੀ ਨਗਰ ਨਿਗਮ, ਜਲੰਧਰ ਵਿਖੇ ਹੋਣ ਸਬੰਧੀ।**<br><br>ਰਿਪੋਰਟ ਸੁਪਰਡੰਟ (ਅਮਲਾ) ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਮੀਮੋ ਨੰਬਰ ਸ1-ਮਸਸ-ਡਸਸ-2019/84 ਮਿਤੀ 08.03.2019 ਰਾਹੀਂ ਸ੍ਰੀਮਤੀ ਮੋਨਿਕਾ, ਸੇਵਾਦਾਰ ਦੀ ਬਦਲੀ ਇਸ ਕਰਮਚਾਰਨ ਦੀ ਪ੍ਰਤੀ ਬੇਨਤੀ ਤੇ ਨਗਰ ਨਿਗਮ, ਮੋਹਾਲੀ ਤੋਂ ਨਗਰ ਨਿਗਮ, ਜਲੰਧਰ ਵਿਖੇ ਕੀਤੀ ਗਈ ਹੈ ਅਤੇ ਇਸ ਮੀਮੋ ਦਾ ਇੱਕ ਉਤਾਰਾ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਭੇਜਕੇ ਲਿਖਿਆ ਗਿਆ ਹੈ ਕਿ ਇਸ ਕਰਮਚਾਰਨ ਦੀ ਬਦਲੀ ਸਬੰਧੀ ਲੋੜੀਂਦੀ ਪ੍ਰੀਕ੍ਰਿਆ ਆਪਣੇ ਪੱਧਰ ਤੇ ਮੁਕੰਮਲ ਕੀਤੀ ਜਾਵੇ ਕਿਉਂਕਿ ਸੇਵਾਦਾਰ ਦੀ ਆਸਾਮੀ ਗੈਰ-ਪ੍ਰਾਂਤੀਕਰਨ ਕਾਡਰ ਦੀ ਹੈ ਅਤੇ ਗੈਰ-ਪ੍ਰਾਂਤੀਕਰਨ ਮਾਮਲੇ ਨਜਿੱਠਣ ਸਬੰਧੀ ਸਮਰੱਥ ਅਥਾਰਟੀ ਨਗਰ ਨਿਗਮ ਹੈ।ਇਥੇ ਇਹ ਦੱਸਣਯੋਗ ਹੈ ਕਿ ਇਸ ਕਰਮਚਾਰਨ ਦੀ ਇਸ ਨਗਰ ਨਿਗਮ ਤੋਂ ਤਬਦੀਲੀ ਨੂੰ ਨਗਰ ਨਿਗਮ ਦੇ ਹਾਊਸ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ ਇਸ ਲਈ ਇਸ ਕਰਮਚਾਰਨ ਦੀ ਇਸ ਨਗਰ ਨਿਗਮ ਤੋਂ ਨਗਰ ਨਿਗਮ, ਜਲੰਧਰ ਵਿਖੇ ਉਕਤ ਹੁਕਮਾਂ ਰਾਹੀਂ ਕੀਤੀ ਬਦਲੀ ਨੂੰ ਪ੍ਰਵਾਨਗੀ ਦੇਣ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| 5 | 495 | 24/06/19 | **ਸੈਨੇਟਰੀ ਜਮਾਂਦਾਰ ਦੀ ਅਸਾਮੀ ਤੇ ਪੱਦ-ਉਨਤ ਕਰਨ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਨਿਗਮ ਵਿਖੇ ਸੈਨੇਟਰੀ ਜਮਾਦਾਰ ਦੀਆਂ 8 ਅਸਾਮੀਆਂ ਪ੍ਰਵਾਨਤ ਹਨ। ਜਿਨ੍ਹਾਂ ਵਿੱਚੋਂ 6 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2 ਖਾਲੀਆਂ ਹਨ। ਖਾਲੀ ਪਈਆਂ ਅਸਾਮੀਆਂ ਨਗਰ ਨਿਗਮ ਵਿਖੇ ਕੰਮ ਕਰਦੇ ਸਫਾਈ ਸੇਵਕਾਂ/ਸੀਵਰਮੈਨਾਂ ਵਿੱਚੋਂ ਸੀਨੀਅਰਤਾ ਕਮ ਯੋਗਤਾ ਦੇ ਆਧਾਰ ਤੇ ਭਰੀਆਂ ਜਾ ਸਕਦੀਆਂ ਹਨ। ਇਹਨਾਂ ਤੱਥਾਂ ਦੇ ਮੱਦੇਨਜਰ ਨਗਰ ਨਿਗਮ ਵਿਖੇ ਕੰਮ ਕਰਦੇ 2 ਸਫਾਈ ਕਰਮਚਾਰੀਆਂ ਸ੍ਰੀ ਸੋਭਾ ਰਾਮ, ਸਫਾਈ ਸੇਵਕ ਅਤੇ ਸ੍ਰੀ ਰਾਜਮੋਹਨ, ਸਫਾਈ ਸੇਵਕ ਵੱਲੋਂ ਦਰਖਾਸਤ ਦੇ ਕੇ ਬੇਨਤੀ ਕੀਤੀ ਗਈ ਹੈ ਕਿ ਉਹ ਸਫਾਈ ਸੇਵਕਾਂ ਦੀ ਸੀਨੀਆਰਤਾ ਸੂਚੀ ਵਿੱਚ ਸੱਭ ਤੋਂ ਸੀਨੀਅਰ ਹਨ। ਇਸ ਲਈ ਉਹਨਾਂ ਨੂੰ ਬਤੌਰ ਸੈਨੇਟਰੀ ਜਮਾਦਾਰ ਪਦਉਨੱਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਇਹਨਾਂ ਕਰਮਚਾਰੀਆਂ ਦੀ ਇਸ ਬੇਨਤੀ ਦੇ ਮੱਦੇਨਜਰ ਨਗਰ ਨਿਗਮ ਦੇ ਸਫਾਈ ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਚੈਕ ਕੀਤੀ ਗਈ ਤਾਂ ਪਾਇਆ ਗਿਆ ਕਿ ਸਫਾਈ ਸੇਵਕਾਂ ਦੀ ਸੀਨੀਆਰਤਾ ਸੂਚੀ ਵਿੱਚ ਸੱਭ ਤੋਂ ਸੀਨੀਅਰ ਸ੍ਰੀ ਸੋਮਪਾਲ ਪੁੱਤਰ ਸ੍ਰੀ ਨਕਲੀ ਰਾਮ ਹੈ। ਪ੍ਰੰਤੂ ਇਸ ਕਰਮਚਾਰੀ ਵੱਲੋਂ ਮਿਤੀ 13/11/2018 ਨੂੰ ਦਰਖਾਸਤ ਦੇ ਕੇ ਲਿਖਿਆ ਹੈ ਕਿ ਉਸਦੀ ਸਿਹਤ ਠੀਕ ਨਹੀਂ ਰਹਿੰਦੀ। ਇਸ ਲਈ ਉਹ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪਦਉਨੱਤ ਨਹੀਂ ਹੋਣਾ ਚਾਹੀਦਾ । ਸੀਨੀਅਰਤਾ ਸੂਚੀ ਵਿੱਚ ਇਸ ਕਰਮਚਾਰੀ ਉਪਰੰਤ ਅਗਲੇ ਸੀਨੀਅਰ ਕਰਮਚਾਰੀ ਸ੍ਰੀ ਸੋਭਾ ਰਾਮ ਪੁੱਤਰ ਸ੍ਰੀ ਖਚੇੜੂ ਰਾਮ ਅਤੇ ਸ੍ਰੀ ਰਾਜਮੋਹਨ ਪੁੱਤਰ ਸ੍ਰੀ ਹਰਬੀਰ ਸਿੰਘ ਹਨ। ਇਸ ਲਈ ਇਹਨਾਂ 2 ਕਰਮਚਾਰੀਆਂ ਨੂੰ ਹੀ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪਦਉਨੱਤ ਕਰਨ ਲਈ ਕੇਸ ਵਿਚਾਰੀਆ ਜਾ ਸਕਦਾ ਹੈ। ਜਿਸਦੇ ਮੱਦੇਨਜਰ ਇਹਨਾਂ ਦੋਵੇਂ ਕਰਮਚਾਰੀਆਂ ਦੇ ਕੰਮ-ਕਾਜ ਸਬੰਧੀ ਸੈਨੀਟੇਸ਼ਨ ਸ਼ਾਖਾ ਤੋਂ ਰਿਪੋਰਟ ਲਈ ਗਈ। ਪ੍ਰਾਪਤ ਰਿਪੋਰਟ ਅਨੁਸਾਰ ਇਹਨਾਂ ਕਰਮਚਾਰੀਆਂ ਦਾ ਕੰਮ-ਕਾਜ ਤਸੱਲੀਬਖਸ਼ ਹੈ ਅਤੇ ਇਹਨਾਂ ਦੇ ਵਿਰੁੱਧ ਕੋਈ ਪੜਤਾਲ ਆਦਿ ਲੰਬਿਤ ਨਹੀਂ ਹੈ। ਇਸ ਲਈ ਇਹਨਾਂ ਕਰਮਚਾਰੀਆਂ (ਸ੍ਰੀ ਸੋਭਾ ਰਾਮ ਪੁੱਤਰ ਸ੍ਰੀ ਖਚੇੜੂ ਰਾਮ ਅਤੇ ਸ੍ਰੀ ਰਾਜਮੋਹਨ ਪੁੱਤਰ ਸ੍ਰੀ ਹਰਬੀਰ ਸਿੰਘ) ਨੂੰ ਸਫਾਈ ਸੇਵਕਾਂ ਦੀ ਅਸਾਮੀ ਤੋਂ ਬਤੌਰ ਸੈਨੇਟਰੀ ਜਮਾਦਾਰ ਪਦਉਨੱਤ ਕਰਨ ਲਈ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| 6 | 496 | 24/06/19 | **ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕੰਮ ਕਰ ਰਹੇ ਸਫਾਈ ਸੇਵਕਾਂ ਅਤੇ ਹੋਰ ਦਰਜਾ-4 ਕਰਮਚਾਰੀਆਂ ਵਿੱਚੋਂ ਡਰਾਈਵਰ ਪਦ ਉਨੱਤ ਕਰਨ ਬਾਰੇ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਨਿਗਮ ਦੇ ਕੁੱਝ ਦਰਜਾ-4 ਕਰਮਚਾਰੀਆਂ ਵੱਲੋਂ ਲਿਖਕੇ ਦਿੱਤਾ ਗਿਆ ਹੈ ਕਿ ਉਹਨਾਂ ਵੱਲੋਂ ਕਾਫੀ ਸਮੇਂ ਤੋਂ ਬਤੌਰ ਡਰਾਈਵਰ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਉਹਨਾਂ ਨੂੰ ਬਤੌਰ ਡਰਾਈਵਰ ਪਦਉਨੱਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਸਬੰਧੀ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਪੱਤਰ ਨੰਬਰ ਸ4-ਡਸਸ-ਮਸਸ-2016/29082-254 ਮਿਤੀ 22/06/2016 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਫਾਈ ਸੇਵਕਾਂ/ ਸੀਵਰਮੈਨਾਂ ਵਿੱਚੋਂ ਡਰਾਈਵਰ ਦੀਆਂ ਅਸਾਮੀਆਂ ਤੇ ਪਦਉਨੱਤੀ ਕਰਨ ਲਈ ਉਹ ਹੀ ਵਿਧੀ ਅਪਣਾਈ ਜਾਵੇ। ਜਿਹੜੀ ਪੰਜਾਬ ਸਥਾਨਕ ਸਰਕਾਰ ਵਿਭਾਗ (ਗਰੁੱਪ ਸੀ) ਸਰਵਿਸਜ ਰੂਲ 2001 ਵਿੱਚ ਦਿੱਤੀ ਗਈ ਹੈ। ਇਸ ਲਈ ਡਰਾਈਵਰਾਂ ਦੀ ਅਸਾਮੀਆਂ ਤਰੱਕੀ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

ਰਾਹੀਂ ਭਰਨ ਲਈ ਯੋਗਤਾਵਾਂ " ਜਿਨ੍ਹਾਂ ਪਾਸ ਹੈਵੀ ਵਹਿਕਲ ਡਰਾਈਵਿੰਗ ਲਾਇਸੈਂਸ ਹੈ ਅਤੇ 3 ਸਾਲ ਵਹਿਕਲ ਚਲਾਉਣ ਦਾ ਤਜਰਬਾ ਹੈ। " ਰੱਖੀਆਂ ਗਈਆਂ ਹਨ। ਇਸ ਸਬੰਧੀ ਇਸ ਨਗਰ ਨਿਗਮ ਵਿਖੇ ਕੰਮ ਕਰ ਰਹੇ ਸਫਾਈ ਸੇਵਕਾਂ ਅਤੇ ਹੋਰ ਦਰਜਾ-4 ਕਰਮਚਾਰੀਆਂ ਵਿੱਚੋਂ ਜੋ ਪ੍ਰਮੋਸ਼ਨ ਕੋਟੇ ਅਧੀਨ ਡਰਾਈਵਰ ਦੀ ਅਸਾਮੀ ਦੀ ਯੋਗਤਾ (ਜਿਨ੍ਹਾਂ ਪਾਸ ਹੈਵੀ ਵਹਿਕਲ ਡਰਾਈਵਿੰਗ ਲਾਇਸੈਂਸ ਹੈ ਅਤੇ 3 ਸਾਲ ਵਹਿਕਲ ਚਲਾਉਣ ਦਾ ਤਜਰਬਾ ਹੈ) ਪੂਰੀਆਂ ਕਰਦੇ ਹਨ, ਉਹਨਾਂ ਦਾ ਕੇਸ ਡਰਾਈਵਰ ਦੀ ਅਸਾਮੀ ਲਈ ਵਿਚਾਰਨ ਵਾਸਤੇ ਨਗਰ ਨਿਗਮ ਦੀ ਬਰਾਂਚਾ ਤੋਂ ਰਿਪੋਰਟ ਲੈਣ ਲਈ ਪੱਤਰ ਜਾਰੀ ਕਰਦੇ ਹੋਏ 7 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਮਿੱਥੇ ਹੋਏ ਸਮੇਂ ਅੰਦਰ ਲੇਖਾ ਸ਼ਾਖਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਉਹਨਾਂ ਦੀ ਬਰਾਂਚ ਵਿੱਚ ਕੰਮ ਕਰਦੇ ਕਰਮਚਾਰੀਆਂ ਵੱਲੋਂ ਲਿਖਕੇ ਦਿੱਤਾ ਗਿਆ ਹੈ ਕਿ ਉਹ ਬਤੌਰ ਡਰਾਈਵਰ ਪਦਉਨੱਤ ਨਹੀਂ ਹੋਣਾ ਚਾਹੁੰਦੇ। ਇਸ ਤੋਂ ਇਲਾਵਾ ਸੈਨੀਟੇਸ਼ਨ ਸ਼ਾਖਾ ਵੱਲੋਂ ਹੇਠ ਲਿਖੇ ਅਨੁਸਾਰ ਰਿਪੋਰਟ ਕੀਤੀ ਗਈ ਹੈ :-

| ਲੜੀ ਨੰਬਰ /ਸੀਨੀਆਰਤਾ ਸੂਚੀ ਅਨੁਸਾਰ ਲੜੀ ਨੰਬਰ | ਕਰਮਚਾਰੀ ਦਾ ਨਾਮ ਅਤੇ ਪਿਤਾ ਦਾ ਨਾਮ | ਅਹੁਦਾ | ਕੈਟਾਗਰੀ | ਜਨਮ ਮਿਤੀ | ਹਾਜਰੀ ਦੀ ਮਿਤੀ | ਰਿਟਾਇਰਮੈਂਟ ਦੀ ਮਿਤੀ | ਵਿਦਿਅਕ ਯੋਗਤਾ | ਬਤੌਰ ਡਰਾਇਵਰ ਕਿੰਨੇ ਸਾਲਾਂ ਤੋਂ ਕੰਮ ਕਰ ਰਹੇ ਹਨ। | ਡਰਾਈਵਿੰਗ ਲਾਇਸੈਂਸ ਦੀ ਕਿਸਮ |
|---|---|---|---|---|---|---|---|---|---|
| 1/ 34 | ਸ੍ਰੀ ਅਸ਼ੋਕ ਕੁਮਾਰ-1 ਪੁੱਤਰ ਸ੍ਰੀ ਬਖ਼ੱਸ਼ੀ ਲਾਲ | ਸਫਾਈ ਸੇਵਕ | ਐਸ.ਸੀ. | 30/05/ 1968 | 09/05/ 1988 | 31/05/2028 | - | ਲਗਭੱਗ 28 ਸਾਲ | ਹੈਵੀ |
| 2/100 | ਸ੍ਰੀ ਬਲਜਿੰਦਰ ਕੁਮਾਰ ਪੁੱਤਰ ਸ੍ਰੀ ਓਮਪ੍ਰਕਾਸ਼ | ਸਫਾਈ ਸੇਵਕ | ਐਸ.ਸੀ | 12/12/ 1969 | 05/10/ 2001 | 31/12/2029 | 8 ਵੀਂ ਪਾਸ | ਲਗਭੱਗ 17 ਸਾਲ | ਹੈਵੀ |
| 3/109 | ਸ੍ਰੀ ਗੁਰਦੀਪ ਸਿੰਘ ਪੁੱਤਰ ਸ੍ਰੀ ਸਰੂਪ ਸਿੰਘ | ਸਫਾਈ ਸੇਵਕ | ਐਸ.ਸੀ. | 15/05/ 1976 | 05/10/ 2001 | 31/05/2036 | 8 ਵੀਂ ਪਾਸ | ਲਗਭੱਗ 7 ਸਾਲ | ਹੈਵੀ |
| 4/115 | ਸ੍ਰੀ ਜਗਦੀਸ਼ ਪੁੱਤਰ ਸ੍ਰੀ ਭਗਵਾਨ ਦਾਸ | ਸਫਾਈ ਸੇਵਕ | ਐਸ.ਸੀ. | 05/10/ 1976 | 24/09/ 2004 | 31/10/2036 | 9 ਵੀਂ ਪਾਸ | ਲਗਭੱਗ 7 ਸਾਲ | ਹੈਵੀ |

ਉਕਤ ਤੋਂ ਇਲਾਵਾ ਨਗਰ ਨਿਗਮ ਦੀ ਕਿਸੇ ਹੋਰ ਬਰਾਂਚ ਵੱਲੋਂ ਦਰਜਾ-4 ਕਰਮਚਾਰੀਆਂ ਦੇ ਬਤੌਰ ਡਰਾਈਵਰ ਪਦਉਨੱਤ ਹੋਣ ਸਬੰਧੀ ਕੋਈ ਰਿਪੋਰਟ ਨਹੀਂ ਕੀਤੀ ਗਈ ਹੈ। ਜਿਸਤੋਂ ਜਾਹਿਰ ਹੁੰਦਾ ਹੈ ਕਿ ਉਕਤ ਟੇਬਲ ਵਿੱਚ ਦਰਸਾਏ ਕਰਮਚਾਰੀਆਂ ਤੋਂ ਇਲਾਵਾ ਨਗਰ ਨਿਗਮ ਦੇ ਹੋਰ ਦਰਜਾ-4 ਕਰਮਚਾਰੀ ਡਰਾਈਵਰ ਦੀ ਅਸਾਮੀ ਤੇ ਨਿਰਧਾਰਤ ਕੀਤੀ ਗਈ ਯੋਗਤਾ ਪੂਰੀ ਨਹੀਂ ਕਰਦੇ। ਇਸ ਸਮੇਂ ਨਗਰ ਨਿਗਮ ਵਿਖੇ ਡਰਾਈਵਰਾਂ ਦੀ ਕੁੱਲ 20 ਅਸਾਮੀਆਂ ਪ੍ਰਵਾਨਤ ਹਨ। ਜਿਨ੍ਹਾਂ ਦੇ ਵਿਰੁੱਧ 13 ਡਰਾਈਵਰ ਰੈਗੂਲਰ ਕੰਮ ਕਰ ਰਹੇ ਹਨ ਅਤੇ 7 ਅਸਾਮੀਆਂ ਦੇ ਵਿਰੁੱਧ ਆਊਟਸੋਰਸ ਰਾਹੀਂ ਕਰਮਚਾਰੀ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਰਜਾ-4 ਕਰਮਚਾਰੀਆਂ ਵਿੱਚੋਂ 20% ਦੇ

| | | | | |
|---|---|---|---|---|
| | | | ਹਿਸਾਬ ਨਾਲ ਡਰਾਈਵਰਾਂ ਦੀ 20 ਅਸਾਮੀਆਂ ਦੇ ਵਿਰੁੱਧ ਪ੍ਰਮੋਸ਼ਨ ਕੋਟੇ ਅਧੀਨ 4 ਕਰਮਚਾਰੀਆਂ ਨੂੰ ਬਤੌਰ ਡਰਾਈਵਰ ਪਦਉਨੱਤ ਕਰਨਾ ਬਣਦਾ ਹੈ। ਜਿਸ ਵਿੱਚੋਂ ਨਗਰ ਨਿਗਮ ਵੱਲੋਂ 3 ਕਰਮਚਾਰੀਆਂ ਨੂੰ ਦਰਜਾ-4 ਕਰਮਚਾਰੀਆਂ ਤੋਂ ਬਤੌਰ ਡਰਾਈਵਰ ਪਦਉਨੱਤ ਕੀਤਾ ਜਾ ਚੁੱਕਾ ਹੈ। ਹੁਣ ਪ੍ਰਮੋਸ਼ਨ ਕੋਟੇ ਅਧੀਨ 1 ਹੋਰ ਦਰਜਾ-4 ਕਰਮਚਾਰੀ ਨੂੰ ਬਤੌਰ ਡਰਾਈਵਰ ਪਦਉਨੱਤ ਕੀਤਾ ਜਾ ਸਕਦਾ ਹੈ। ਸੈਨੀਟੇਸ਼ਨ ਸ਼ਾਖਾ ਦੀ ਰਿਪੋਰਟ ਅਨੁਸਾਰ ਉਕਤ ਟੇਬਲ ਵਿੱਚ ਦਰਸਾਏ ਗਏ ਕਰਮਚਾਰੀਆਂ ਵਿੱਚੋਂ ਸ੍ਰੀ ਅਸ਼ੋਕ ਕੁਮਾਰ-1 ਪੁੱਤਰ ਸ੍ਰੀ ਬੱਖਸ਼ੀ ਲਾਲ, ਸਫਾਈ ਸੇਵਕ ਸੱਭ ਤੋਂ ਸੀਨੀਅਰ ਹੈ, ਉਸ ਪਾਸ ਹੈਵੀ ਵਹਿਕਲ ਲਾਇਸੈਂਸ ਹੈ ਅਤੇ ਉਹ ਲਗਭੱਗ 28 ਸਾਲਾਂ ਤੋਂ ਬਤੌਰ ਡਰਾਈਵਰ ਕੰਮ ਕਰ ਰਿਹਾ ਹੈ। ਇਸ ਤਰ੍ਹਾਂ ਉਹ ਪੰਜਾਬ ਸਰਕਾਰ ਵੱਲੋਂ ਦਰਜਾ-4 ਕਰਮਚਾਰੀਆਂ ਵਿੱਚੋਂ ਬਤੌਰ ਡਰਾਈਵਰ ਪਦਉਨੱਤ ਕਰਨ ਲਈ ਨਿਰਧਾਰਤ ਕੀਤੀਆਂ ਗਈਆਂ ਯੋਗਤਾ ਰੱਖਦਾ ਹੈ। ਇਸ ਲਈ ਸ੍ਰੀ ਅਸ਼ੋਕ ਕੁਮਾਰ-1 ਪੁੱਤਰ ਸ੍ਰੀ ਬੱਖਸ਼ੀ ਲਾਲ, ਸਫਾਈ ਸੇਵਕ ਨੂੰ ਸਫਾਈ ਸੇਵਕ ਦੀ ਦਰਜਾ-4 ਦੀ ਅਸਾਮੀ ਤੋਂ ਬੌਤਰ ਡਰਾਈਵਰ ਪਦਉਨੱਤ ਕਰਨ ਲਈ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਤੋਂ ਬਾਅਦ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 7 | 497 | 24/06/19 | **ਸ੍ਰੀ ਸੁਧੀਰ ਕੁਮਾਰ, ਸੈਨੇਟਰੀ ਸੁਪਰਵਾਈਜਰ ਦਾ ਪਰਖਕਾਲ ਸਮਾਂ ਤਸਂਲੀਬਖਸ਼ ਘੋਸ਼ਿਤ ਕਰਨ ਸਬੰਧੀ।**<br><br>ਰਿਪੋਰਟ ਸੁਪਰਡੰਟ (ਅਮਲਾ) ਕਿ ਸ੍ਰੀ ਸੁਧੀਰ ਕੁਮਾਰ, ਸੈਨੇਟਰੀ ਸੁਪਰਵਾਈਜਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।ਇਸ ਸਬੰਧੀ ਬੇਨਤੀ ਹੈ ਕਿ ਮਾਨਯੋਗ ਹਾਊਸ ਦੇ ਮਤਾ ਨੰ: 260 ਮਿਤੀ 07.09.2017 ਅਤੇ ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ-18/8896 ਮਿਤੀ 09.02.2018 ਦੀ ਰੋਸ਼ਨੀ ਵਿੱਚ ਇਸਨੂੰ ਦਫਤਰੀ ਹੁਕਮ ਪਿੱਠ ਅੰਕਣ ਨੰ: 227 ਮਿਤੀ 19.02.2018 ਰਾਹੀਂ ਬਤੌਰ ਸੈਨੇਟਰੀ ਸੁਪਰਵਾਈਜਰ ਪਦਉੱਨਤ ਕੀਤਾ ਗਿਆ ਸੀ।ਇਸ ਕਰਮਚਾਰੀ ਵੱਲੋਂ ਮਿਤੀ 19.02.2018 ਨੂੰ ਦੁਪਹਿਰ ਤੋਂ ਪਹਿਲਾਂ ਆਪਣੀ ਹਾਜਰੀ ਰਿਪੋਰਟ ਪੇਸ਼ ਕੀਤੀ ਗਈ ਸੀ।ਹੁਣ ਇਸ ਦਾ ਪਰਖਕਾਲ ਸਮਾਂ ਮਿਤੀ 19.02.2019 ਨੂੰ ਪੂਰਾ ਹੋ ਗਿਆ ਹੈ।ਇਸ ਕਰਮਚਾਰੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਸ ਵੱਲੋਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੀਤੀ ਗਈ ਹੈ ਅਤੇ ਇਸਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਲਈ ਬੇਨਤੀ ਕੀਤੀ ਗਈ ਹੈ।<br>ਵੱਖ-ਵੱਖ ਬਰਾਂਚਾਂ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਉਕਤ ਕਰਮਚਾਰੀ ਦੇ ਵਿਰੁੱਧ ਕੋਈ ਕੋਰਟ ਕੇਸ, ਬਕਾਇਆਜਾਤ ਅਤੇ ਆਡਿਟ ਪੈਰ੍ਹਾ ਆਦਿ ਪੈਡਿੰਗ ਨਹੀਂ ਹੈ। ਇਸ ਲਈ ਸ੍ਰੀ ਸੁਧੀਰ ਕੁਮਾਰ, ਸੈਨੇਟਰੀ ਸੁਪਰਵਾਈਜਰ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| 8 | 498 | 24/06/19 | **ਸ੍ਰੀ ਵੀਰ ਪ੍ਰਕਾਸ, ਸਫਾਈ ਸੇਵਕ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਸਬੰਧੀ**।<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਸ੍ਰੀ ਵੀਰ ਪ੍ਰਕਾਸ ਪੁੱਤਰ ਲੇਟ ਸ੍ਰੀਮਤੀ ਕਿਰਨ ਬਾਲਾ ਬਤੌਰ ਸ਼ਫਾਈ ਸੇਵਕ, ਨਗਰ ਨਿਗਮ, ਮੋਹਾਲੀ ਵਿਖੇ ਕੰਮ ਕਰਦਾ ਹੈ। ਜਿਸਨੂੰ ਇਸ ਦਫਤਰ ਦੇ ਪੱਤਰ ਨੰ: 2105 ਮਿਤੀ 19.05.2016 ਰਾਹੀਂ ਤਰਸ਼ ਦੇ ਆਧਾਰ ਤੇ ਨਿਯੁਕਤ ਕੀਤਾ ਗਿਆ ਸੀ ਅਤੇ ਇਸ ਕਰਮਚਾਰੀ ਵੱਲੋਂ ਮਿਤੀ 24.05.2016 ਨੂੰ ਆਪਣੀ ਡਿਊਟੀ ਜੁਆਇੰਨ ਕਰ ਲਈ ਸੀ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਕਰਮਚਾਰੀ ਦਾ ਪਰਖਕਾਲ ਸਮਾਂ 2 ਸਾਲ ਦਾ ਸੀ, ਜੋ ਕਿ ਮਿਤੀ 24.05.2018 ਨੂੰ ਪੂਰਾ ਹੋ ਗਿਆ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | ਸੈਨੀਟੇਸ਼ਨ ਸ਼ਾਖਾ ਦੀ ਰਿਪੋਰਟ ਅਨੁਸਾਰ ਸ੍ਰੀ ਵੀਰ ਪ੍ਰਕਾਸ, ਸ਼ਫਾਈ ਸੇਵਕ ਦਾ ਕੰਮ ਕਾਜ਼ ਤਸੱਲੀਬਖਸ਼ ਹੈ ਸੋ ਕਰਮਚਾਰੀ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 9 | 499 | 24/06/19 | **<u>ਮਾਰਕਫੈਡ, ਚੰਡੀਗੜ੍ਹ ਨੂੰ ਨਗਰ ਨਿਗਮ ਦੀ ਹਦੂਦ ਅੰਦਰ ਬੂਥਾਂ ਲਈ ਜਗ੍ਹਾ ਅਲਾਟ ਕਰਨ ਸਬੰਧੀ।</u>**<br><br>ਰਿਪੋਰਟ ਸੁਪਰਡੈਂਟ (ਐਂਡ) ਕਿ ਮਾਰਕਫੈਡ ਚੰਡੀਗੜ੍ਹ ਦੀ ਬੇਨਤੀ ਤੇ ਨਗਰ ਨਿਗਮ ਵੱਲੋਂ ਮਤਾ ਨੰ: 318 ਮਿਤੀ: 05-01-18 ਰਾਂਹੀ ਮਾਰਕਫੈਡ ਚੰਡੀਗੜ੍ਹ ਨੂੰ ਹੇਠ ਲਿਖਿਆ 5 ਥਾਂਵਾ ਤੇ ਬੂਥ ਖੋਲਣ ਲਈ 15×10 ਫੁੱਟ ਜਗ੍ਹਾ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ:-<br><br>1) ਸੈਕਟਰ-68: ਸਿਟੀ ਪਾਰਕ ਪਾਰਕਿੰਗ - Open Space with Paver Block.<br>2) ਸੈਕਟਰ-80: ਪਲਾਟ ਨੰ: 398 ਦੇ ਨੇੜੇ, ਟਿਊਬਵੈਲ ਦੇ ਪਿੱਛੇ ਖਾਲੀ ਜਗ੍ਹਾਂ<br>3) ਫੇਜ-8: ਪੁੱਡਾ ਭਵਨ ਦੇ ਨਾਲ, ਫੋਰਟਿਸ ਦੇ ਸਾਹਮਣੇ ਪਾਰਕ,<br>4) ਫੇਜ-5: ਸਰਕਾਰੀ ਪ੍ਰਾਇਮਰੀ ਸਕੂਲ ਦੇ ਨਾਲ Open Space with Paver Block.<br>5) ਫੇਜ-9: ਵਾਟਰ ਵਰਕਸ ਦੇ ਨੇੜੇ ਓਪਨ ਸਪੇਸ<br><br>ਨਗਰ ਨਿਗਮ ਦੇ ਉਕਤ ਮਤੇ ਨੂੰ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-18/10637 ਮਿਤੀ: 15-02-18 ਰਾਂਹੀ ਪ੍ਰਵਾਨਗੀ ਮਿਲਣ ਉਪਰੰਤ ਨਗਰ ਨਿਗਮ ਵੱਲੋਂ ਪੱਤਰ ਨੰ: 911 ਮਿਤੀ: 12-03-18 ਰਾਂਹੀ ਮਾਰਕਫੈਡ ਨੂੰ ਉਕਤ ਥਾਵਾਂ ਤੇ ਬੂਥ ਬਨਾਉਣ ਦੀ ਪ੍ਰਵਾਨਗੀ ਹੇਠ ਲਿਖਿਆ ਸ਼ਰਤਾਂ ਦੇ ਦਿੱਤੀ ਸੀ:-<br><br>1) ਪ੍ਰੀ-ਫੈਬਰੀਕੇਟਿਡ ਬੂਥ ਬਨਾਉਣ ਦਾ ਖਰਚਾ ਮਾਰਕਫੈਡ ਆਪਣੇ ਪੱਧਰ ਤੇ ਕਰੇਗਾ।<br>2) ਬੂਥ ਬਨਾਉਣ ਦੀ ਥਾਂ ਨਗਰ ਨਿਗਮ ਨਿਸਚਿਤ ਕਰੇਗੀ।<br>3) ਹਰੇਕ ਥਾਂ 2 ਸਾਲ ਲਈ 2000/-ਰੁਪਏ ਪ੍ਰਤੀ ਮਹੀਨਾ ਕਿਰਾਏ ਤੇ ਦਿੱਤੀ ਜਾਵੇਗੀ।<br><br>ਇਸ ਉਪਰੰਤ ਮਾਰਕਫੈਡ ਵੱਲੋਂ ਪੱਤਰ ਨੰ: ਮਾਰਕੇਟਿੰਗ/ਐਸ.ਏ.5/2018/1897 ਮਿਤੀ: 30-08-18 ਰਾਂਹੀ ਨਗਰ ਨਿਗਮ ਨੂੰ ਲਿਖਿਆ ਸੀ ਕਿ ਅਲਾਟ ਕੀਤੀਆਂ ਉਕਤ ਥਾਵਾਂ ਪਹਿਲਾਂ ਤੋਂ ਬਣੇ ਵੇਰਕਾ ਬੂਥ ਦੇ ਨਜਦੀਕ ਹਨ, ਇਸ ਲਈ ਹੇਠਲੀਆਂ ਥਾਵਾਂ ਤੇ ਬਦਲਵੀਆਂ ਸਾਇਟਾਂ ਅਲਾਟ ਕੀਤੀਆਂ ਜਾਣ:-<br><br>1) ਸੈਕਟਰ 79-80 ਦੇ ਰਾਉਂਡ ਅਬਾਉਟ ਦੇ ਨਜਦੀਕ ਪੈਂਦੇ ਟਿਊਬੈਲ ਦੇ ਪਾਸ,<br>2) ਸੈਕਟਰ-68: ਸਿਟੀ ਪਾਰਕ - Open Space with Paver Block.<br>3) ਫੇਜ-5: ਸਰਕਾਰੀ ਪ੍ਰਾਇਮਰੀ ਸਕੂਲ ਦੇ ਨਾਲ Open Space with Paver Block.<br>4) ਫੇਜ-9: ਵਾਟਰ ਵਰਕਸ ਦੇ ਨੇੜੇ,<br>5) ਫੇਜ-8: ਫੋਰਟਿਸ ਦੇ ਸਾਹਮਣੇ ਪਾਰਕ | ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਕਰਦੇ ਹੋਏ ਇਹਨਾਂ ਦੀ ਅਲਾਟਮੈਂਟ ਦਾ ਸਮਾਂ 20 ਸਾਲ ਦੀ ਬਜਾਏ 10 ਸਾਲ ਕੀਤਾ ਜਾਂਦਾ ਹੈ ਅਤੇ ਹਰੇਕ 5 ਸਾਲ ਬਾਅਦ 15% ਕਿਰਾਏ ਵਿੱਚ ਵਾਧਾ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਜੇਕਰ ਬੂਥ ਖੋਲਣ ਲਈ ਤਜਵੀਜ਼ ਵਿੱਚ ਨਿਰਧਾਰਤ ਕੀਤੀਆਂ ਸਾਈਟਾਂ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਕਰਨ ਦੀ ਜ਼ਰੂਰਤ ਹੋਵੇਗੀ ਤਾਂ ਉਸ ਦੀ ਪ੍ਰਵਾਨਗੀ ਕਮਿਸ਼ਨਰ,ਨਗਰ ਨਿਗਮ ਜੀ ਰਾਂਹੀ ਮੇਅਰ,ਨਗਰ ਨਿਗਮ ਜੀ ਤੋਂ ਲਈ ਜਾਵੇਗੀ। |

| | | | | |
|---|---|---|---|---|
| | | | ਇਸੇ ਦੋਰਾਨ ਮਾਰਕੈਫੈਡ ਵੱਲੋਂ ਨਗਰ ਨਿਗਮ ਨੂੰ ਇੱਕ ਹੋਰ ਪੱਤਰ ਨੰ: ਮਾਰਕੇਟਿੰਗ/ਐਸ.ਏ.5/2019/3307 ਮਿਤੀ: 27-03-19 ਲਿਖਦੇ ਹੋਏ ਬੇਨਤੀ ਕੀਤੀ ਗਈ ਹੈ ਕਿ ਉਕਤ ਸਾਈਟਾਂ 20 ਸਾਲ ਦੇ ਸਮੇਂ ਲਈ ਹਰ 5 ਸਾਲ ਬਾਅਦ ਕਿਰਾਏ ਵਿੱਚ 15%ਦੇ ਵਾਧੇ ਦੀ ਸ਼ਰਤ ਤੇ ਅਲਾਟ ਕੀਤੀਆਂ ਜਾਣ। ਇਨ੍ਹਾ ਤੱਥਾ ਦੇ ਮੱਦੇ ਨਜਰ ਮੋਕਾ ਵੇਖਣ ਤੇ ਪਾਇਆ ਗਿਆ ਹੇ ਕਿ ਨਗਰ ਨਿਗਮ ਵੱਲੋਂ ਜ਼ੋ ਸਾਇਟਾਂ ਮਾਰਕਫੈਡ ਨੂੰ ਪਹਿਲਾਂ ਅਲਾਟ ਕੀਤੀਆਂ ਗਈਆਂ ਸਨ, ਉਨ੍ਹਾ ਵਿੱਚੋ ਇਸ ਮਹਿਕਮੇ ਵੱਲੋਂ ਕਿਸੇ ਵੀ ਜਗ੍ਹਾ ਤੇ ਬੂਥ ਨਹੀ ਬਨਾਏ ਗਏ ਹਨ ਅਤੇ ਜ਼ੋ ਨਵੀਆਂ ਸਾਇਟਾਂ ਦੀ ਮੰਗ ਉਨਾਂ ਵੱਲੋਂ ਕੀਤੀ ਗਈ ਹੈ, ਉਨ੍ਹਾ ਥਾਵਾ ਤੇ ਬੂਥ ਖੋਲਣ ਦੀ ਜਗ੍ਹਾ ਦਿੱਤੀ ਜਾ ਸਕਦੀ ਹੈ, ਕਿਉਕਿ ਨਾ ਤਾਂ ਇਨ੍ਹਾ ਥਾਵਾ ਤੇ ਪਹਿਲਾਂ ਵੇਰਕਾ ਜ਼ਾਂ ਕਿਸੇ ਹੋਰ ਏਜੰਸੀ ਦੇ ਬੂਥ ਬਣੇ ਹੋਏ ਹਨ ਅਤੇ ਨਾ ਹੀ ਬੂਥਾਂ ਦੇ ਬਨਣ ਨਾਲ ਕੋਈ ਟ੍ਰੈਫਿਕ ਦੀ ਸਮੱਸਿਆ ਆਉਣ ਦੀ ਸੰਭਾਵਨਾ ਹੈ। ਇਸ ਲਈ ਉਕਤ ਸਾਇਟਾਂ ਲਈ ਹੇਠ ਲਿਖਿਆ ਸ਼ਰਤਾਂ ਨਿਰਧਾਰਿਤ ਕਰਨ ਤੇ ਵਿਚਾਰ ਕਰ ਲਿਆ ਜਾਵੇ :-<br>1) ਅਲਾਟਮੈਂਟ ਦਾ ਸਮਾਂ 20 ਸਾਲ ਦਾ ਹੋਵੇਗਾ।<br>2) ਇਸ ਅਲਾਟਮੈਂਟ ਸਬੰਧੀ ਮਾਰਕਫੈਡ ਵੱਲੋਂ ਨਗਰ ਨਿਗਮ ਨਾਲ 300/-ਰੁਪਏ ਦੇ ਨਾਨ-ਜੂਡੀਸੀਅਲ ਸਟਾਮ ਪੇਪਰ ਤੇ ਇਕਰਾਰਨਾਮਾ ਕਰਨਾ ਹੋਵੇਗਾ।<br>3) ਹਰੇਕ ਬੂਥ ਦਾ ਪ੍ਰਤੀ ਮਹੀਨਾ ਕਿਰਾਇਆ 2000/-ਰੁਪਏ ਹੋਵੇਗਾ, ਜਿਸ ਵਿੱਚ ਹਰ 5 ਸਾਲ ਬਾਅਦ 15% ਵਾਧਾ ਕੀਤਾ ਜਾਵੇਗਾ।<br>4) ਬੂਥਾ ਤੇ ਲੱਗਣ ਵਾਲਾ ਪ੍ਰਾਪਰਟੀ ਟੈਕਸ ਮਾਰਕਫੈਡ ਵੱਲੋ ਨਗਰ ਨਿਗਮ ਨੂੰ ਹਰ ਸਾਲ ਅਦਾ ਕਰਨਾ ਹੋਵੇਗਾ ਅਤੇ ਪ੍ਰਾਪਰਟੀ ਟੈਕਸ ਸਬੰਧਤ ਸਾਲ ਵਿੱਚ ਜਮ੍ਹਾ ਨਾ ਕਰਨ ਦੀ ਸੂਰਤ ਵਿੱਚ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ।<br>5) ਮਾਰਕਫੈਡ ਵੱਲੋਂ ਪ੍ਰਤੀ ਮਹੀਨਾ ਕਿਰਾਇਆ ਹਰ ਮਹੀਨੇ ਦੀ 7 ਤਾਰੀਖ ਤੱਕ ਨਗਰ ਨਿਗਮ ਦੇ ਫੰਡਾਂ ਵਿੱਚ ਜਮ੍ਹਾ ਕਰਵਾਉਣਾ ਹੋਵੇਗਾ। ਜੇਕਰ ਕਿਸੇ ਮਹੀਨੇ ਦਾ ਕਿਰਾਇਆ ਉਸ ਮਹੀਨੇ ਦੀ 7 ਤਾਰੀਖ ਤੱਕ ਜਮ੍ਹਾ ਨਹੀ ਕਰਵਾਇਆ ਜਾਵੇਗਾ ਤਾਂ ਅਗਲੇ ਦਿਨ ਤੋਂ 18% ਵਿਆਜ ਵਸੂਲਿਆ ਜਾਵੇਗਾ। 2 ਮਹੀਨੇ ਦਾ ਕਿਰਾਇਆ ਲਗਾਤਾਰ ਅਦਾ ਨਾ ਕਰਨ ਦੀ ਸੂਰਤ ਵਿੱਚ ਅਲਾਟਮੈਂਟ ਰੱਦ ਸਮਝੀ ਜਾਵੇਗੀ।<br>6) ਮਾਰਕਫੈਡ ਵੱਲੋਂ ਬੂਥਾਂ ਵਿੱਚ ਸਿਰਫ ਆਪਣੀ ਕੰਪਨੀ ਦੇ ਪ੍ਰੋਡਕਟਸ ਹੀ ਵੇਚੇ ਜਾਣਗੇ। ਜੇਕਰ ਕਿਸੇ ਸਮੇਂ ਇਹ ਪਾਇਆ ਜਾਵੇਗਾ ਕਿ ਬੂਥ ਵਿੱਚ ਮਾਰਕਫੈਡ ਦੇ ਪ੍ਰੋਡਕਟਸ ਤੋ ਇਲਾਵਾ ਕਿਸੇ ਹੋਰ ਚੀਜ ਦਾ ਵਿਕਰੀ ਕੀਤੀ ਜਾ ਰਹੀ ਹੈ ਤਾ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ।<br>7) ਨਗਰਨਿਗਮ ਨੂੰ ਪੂਰਾ ਅਧਿਕਾਰ ਹੋਵੇਗਾ ਕਿ ਅਲਾਟਮੈਂਟ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਹੋਣ ਤੇ 7 ਦਿਨਾਂ ਦਾ ਨੋਟਿਸ ਦੇ ਕੇ ਅਲਾਟਮੈਂਟ ਰੱਦ ਕਰ ਦੇਵੇ।<br>8) ਪ੍ਰੀ-ਫੈਬਰੀਕੇਟਿਡ ਬੂਥ ਬਨਾਉਣ ਦਾ ਖਰਚਾ ਮਾਰਕਫੈਡ ਆਪਣੇ ਪੱਧਰ ਤੇ ਕਰੇਗਾ,<br>9) ਬੂਥ ਬਨਾਉਣ ਦੀ ਥਾਂ ਨਗਰ ਨਿਗਮ ਨਿਸਚਿੱਤ ਕਰੇਗੀ।<br>10) ਅਲਾਟ ਕੀਤੀ ਜਗ੍ਹਾ ਸਿਰਫ ਕਿਰਾਏ ਤੇ ਦਿੱਤੀ ਜਾਵੇਗੀ ਅਤੇ ਅਲਾਟਮੈਂਟ ਦਾ ਸਮਾਂ ਪੂਰਾ ਹੋਣ ਤੇ ਜਾਂ ਕਿਸੇ ਕਾਰਨ ਅਲਾਟਮੈਂਟ ਰੱਦ ਕਰਨ ਤੇ ਮਾਰਕਫੈਡ ਦਾ ਜਾਂ ਕਿਸੇ ਵੈਡਰ ਦਾ ਇਸ ਜਗ੍ਹਾ ਤੇ ਕੋਈ ਅਧਿਕਾਰ ਨਹੀ ਹੋਵੇਗਾ।<br>11) ਬੂਥ ਲਈ ਬਿਜਲੀ, ਪਾਣੀ ਆਦਿ ਦਾ ਪ੍ਰਬੰਧ ਮਾਰਕਫੈਡ ਵੱਲੋਂ ਆਪਣੇ ਪੱਧਰ ਤੇ ਕਰਨਾ ਹੋਵੇਗਾ।<br>12) ਮਾਰਕਫੈਡ ਇਹ ਯਕੀਣੀ ਬਨਾਏਗਾ ਕਿ ਬੂਥ ਬਨਾਉਣ ਸਮੇਂ ਆਸ-ਪਾਸ ਦੇ ਕਿਸੇ ਸਟ੍ਰਕਚਰ ਜਿਵੇਂ ਕਿ ਦੀਵਾਰ, ਫੁੱਟਪਾਥ, ਸੜਕ ਆਦਿ ਅਤੇ ਪੇੜ-ਪੋਦਿਆਂ ਨੂੰ ਨੁਕਸਾਨ ਨਾ ਪਹੁੰਚੇ।<br>13) ਮਾਰਕਫੈਡ ਯਕੀਣੀ ਬਨਾਏਗਾ ਕਿ ਬੂਥ ਦੇ ਆਸ-ਪਾਸ ਕਿਸੇ ਪ੍ਰਕਾਰ ਦਾ ਕੂੜਾ ਕਰਕਟ ਇੱਕਠਾ ਨਾ ਹੋਣ ਦੇਵੇ ਅਤੇ | |

<table>
<tr>
<td></td>
<td></td>
<td></td>
<td>ਕੂੜਾ ਕਰਕਟ ਸੁੱਟਣ ਲਈ ਪੁਖਤਾ ਪ੍ਰਬੰਧ ਕਰੇ।<br>14) ਮਾਰਕਫੈਡ ਸਿਰਫ ਅਲਾਟ ਕੀਤੀ 15×10 ਫੁੱਟ ਜਗ੍ਹਾ ਦੀ ਹੀ ਵਰਤੋਂ ਕਰੇਗਾ। ਇਸ ਤੋ ਇਲਾਵਾ ਬੂਥ ਦੇ ਬਾਹਰ ਕਿਸੇ ਵੀ ਥਾ ਤੇ ਵਰਤੋਂ ਕਰਨ ਦੀ ਆਗਿਆ ਨਹੀ ਹੋਵੇਗੀ, ਜੇਕਰ ਬੂਥ ਤੋਂ ਬਾਹਰ ਕੋਈ ਸਾਮਾਨ ਰਖਿਆ ਪਾਇਆ ਜਾਵੇਗਾ ਤਾਂ ਉਸ ਨੂੰ ਨਗਰ ਨਿਗਮ ਵੱਲੋਂ ਜ਼ਬਤ ਕਰ ਲਿਆ ਜਾਵੇਗਾ।<br>15) ਜੇਕਰ ਕਿਸੇ ਸਮੇਂ ਪਬਲਿਕ ਹਿੱਤ ਵਿੱਚ ਜਿਵੇ ਕਿ ਸੜਕ ਚੋੜੀ ਕਰਨ ਲਈ, ਫੁੱਟਪਾਥ ਬਣਾਉਣ ਲਈ,ਪਾਰਕਿੰਗ ਬਨਾਉਣ ਲਈ ਬੂਥ ਵਾਲੀ ਜਗ੍ਹਾ ਦੀ ਜਰੂਰਤ ਹੋਵੇਗੀ ਅਤੇ ਬੂਥ ਨੂੰ ਹਟਾਉਣਾ ਜਰੂਰੀ ਹੋਵੇਗਾ ਤਾਂ ਮਾਰਕਫੈਡ ਬੂਥ ਨੂੰ ਹਟਾਉਣ ਦੀ ਪਾਬੰਦ ਹੋਵੇਗੀ ਅਤੇ ਅਜਿਹੀ ਸਥਿਤੀ ਵਿੱਚ ਮਾਰਕਫੈਡ ਵੱਲੋਂ ਨਗਰ ਨਿਗਮ ਤੋ ਹਰਜਾਨਾ ਕਲੇਮ ਨਹੀ ਕੀਤਾ ਜਾਵੇਗਾ।<br>16) ਜੇਕਰ ਕਿਸੇ ਵੀ ਸਮੇਂ ਅਲਾਟਮੈਂਟ ਸਬੰਧੀ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਉਸ ਸਬੰਧੀ ਆਰਬੀਟਰੇਟਰ ਕਮਿਸ਼ਨਰ, ਨਗਰ ਨਿਗਮ ਹੋਣਗੇ ਅਤੇ ਉਨ੍ਹਾ ਵੱਲੋਂ ਕੀਤੇ ਫੈਸਲੇ ਨੂੰ ਮਾਰਕਫੈਡ ਮੰਨਣ ਦਾ ਪਾਬੰਦ ਹੋਵੇਗਾ।<br>ਉਕਤ ਤਜਵੀਜ ਕਮਿਸ਼ਨਰ, ਨਗਰ ਨਿਗਮ ਜੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।</td>
<td></td>
</tr>
<tr>
<td>10</td>
<td>500</td>
<td>24/06/19</td>
<td><u>ਨਗਰ ਨਿਗਮ ਦੀ ਹਦੂਦ ਅੰਦਰ ਹੋਰ ਬੱਸ ਕਿਊ ਸੈਲਟਰ ਬਨਾਉਣ ਸਬੰਧੀ।</u><br><br>ਰਿਪੋਰਟ ਸੁਪਰਡੈਂਟ (ਐਂਡ) ਕਿ ਨਗਰ ਨਿਗਮ ਦੀ ਇੰਜੀਨੀਅਰਿੰਗ ਸਾਖਾ ਵੱਲੋਂ ਮਿਤੀ: 28-05-19 ਨੂੰ ਲਿਖਿਆ ਗਿਆ ਹੈ ਕਿ ਕਮਿਸ਼ਨਰ ਜੀ ਵੱਲੋਂ ਸ਼ਹਿਰ ਵਿੱਚ ਬਨਣ ਯੋਗ ਬੱਸ ਕਿਊ ਸੈਲਟਰਾਂ ਸਬੰਧੀ ਜ਼ੋ ਰਿਪੋਰਟ ਮੰਗੀ ਗਈ ਹੈ, ਉਸ ਦੇ ਸਬੰਧ ਵਿੱਚ ਹੇਠ ਲਿਖਿਆਂ ਥਾਂਵਾ ਤੇ ਬੱਸ ਕਿਊ ਸੈਲਟਰ ਬਨਾਉਣ ਲਈ ਤਜਵੀਜ ਪੇਸ਼ ਕੀਤੀ ਜਾਂਦੀ ਹੈ:-
<table>
<tr><th>S.No.</th><th>Location</th><th>No. of Bus Queue Shelters</th></tr>
<tr><td>1</td><td>IISER T-Point</td><td>3</td></tr>
<tr><td>2</td><td>Sector 66-67 & 80-81 Junction</td><td>3</td></tr>
<tr><td>3</td><td>Sector 67-68 & 79-80 Junction</td><td>4</td></tr>
<tr><td>4</td><td>Sector 68-69 & 78-79 Junction</td><td>4</td></tr>
<tr><td>5</td><td>Sohana Chowk</td><td>2</td></tr>
<tr><td>6</td><td>Sector 79-80 Internal Junction (Mid Point)</td><td>2</td></tr>
<tr><td>7</td><td>Sector 78-79 Internal Junction (Mid Point)</td><td>2</td></tr>
<tr><td>8</td><td>Sector 77-78 Internal Junction (Mid Point)</td><td>2</td></tr>
</table>
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।ਇਸ ਤੋਂ ਇਲਾਵਾ ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ. 30 ਦੀ ਮੰਗ ਤੇ ਸੈਕਟਰ-65 ਵਿੱਚ ਵੀ ਬੱਸ ਕਿਊ ਸੈਲਟਰ ਬਣਾਉਣਾ ਵੀ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।ਇਸ ਤੋਂ ਇਲਾਵਾ ਇਹ ਵੀ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਇਹ ਬੱਸ ਕਿਊ ਸੈਲਟਰ ਬੀ.ਓ.ਟੀ.ਬੇਸਿਸ਼ ਤੇ ਬਣਾਏ ਜਾਣ।</td>
</tr>
</table>

| | | | | |
|---|---|---|---|---|
| | | | **Total** — **22**<br><br>ਉਕਤ ਸਬੰਧੀ ਦੱਸਣਯੋਗ ਹੇ ਕਿ ਨਗਰ ਨਿਗਮ ਦੀ ਹਦੂਦ ਅੰਦਰ ਪਹਿਲਾਂ ਆਧੁਨਿਕ ਕਿਸਮ ਦੇ ਸਟੇਨਲੈਸ ਸਟੀਲ ਦੇ 33 ਬੱਸ ਕਿਊ ਸੈਲਟਰ ਬਣੇ ਹੋਏ ਹਨ। ਇਹ ਬੱਸ ਕਿਊ ਸੈਲਟਰ ਲਗਭਗ 4 ਸਾਲ ਪਹਿਲਾਂ ਨਗਰ ਨਿਗਮ ਵੱਲੋਂ ਬੀ.ਓ.ਟੀ.ਆਧਾਰ ਤੇ ਇਸਤਿਹਾਰਬਾਜੀ ਕਰਨ ਦੇ ਬਦਲੇ ਈ-ਟੈਂਡਰ ਕਾਲ ਕਰਕੇ ਬਨਵਾਏ ਗਏ ਸਨ। ਜਿਸ ਕਾਰਨ ਇਨ੍ਹਾ ਬੱਸ ਕਿਊ ਸੈਲਟਰਾਂ ਤੇ ਆਇਆ ਸਾਰਾ ਖਰਚਾ ਈ-ਟੈਂਡਰ ਵਿੱਚ ਸਫ਼ਲ ਏਜੰਸੀ ਵੱਲੋਂ ਕੀਤਾ ਗਿਆ ਸੀ ਅਤੇ ਇਨ੍ਹਾ ਦਾ ਰੋਜਾਨਾ ਰੱਖ ਰਖਾਵ ਵੀ ਸਫਲ ਏਜੰਸੀ ਵੱਲੋਂ ਕੀਤਾ ਜਾ ਰਿਹਾ ਹੈ। ਉਕਤ ਥਾਵਾਂ ਤੇ ਨਵੇ ਬਨਾਏ ਜਾਣ ਵਾਲੇ ਬੱਸ ਕਿਊ ਸੈਲਟਰਾਂ ਸਬੰਧੀ ਇਹ ਫੈਸਲਾ ਲੈਣਾ ਜਰੂਰੀ ਹੈ ਕਿ ਇਨ੍ਹਾ ਨੂੰ ਪਹਿਲਾਂ ਬਣੇ ਬੱਸ ਕਿਊ ਸੈਲਟਰਾਂ ਦੀ ਤਰ੍ਹਾ ਐਡਵਰਟਾਈਜਮੈਂਟ ਕਰਨ ਦੇ ਬਦਲੇ ਬੀ.ਓ.ਟੀ. ਆਧਾਰ ਤੇ ਈ-ਟੈਂਡਰ ਕਾਲ ਕਰਕੇ ਬਨਵਾਇਆ ਜਾਵੇ ਜਾਂ ਇਨਾਂ ਨੂੰ ਨਗਰ ਨਿਗਮ ਵੱਲੋਂ ਆਪਣੇ ਖਰਚੇ ਤੇ ਬਨਾਉਣ ਉਪਰੰਤ ਇਨ੍ਹਾ ਨੂੰ ਇਸ਼ਤਿਹਾਰਬਾਜੀ ਲਈ ਦਿੱਤਾ ਜਾ ਸਕਦਾ ਹੈ, ਜਿਸ ਤੋ ਨਗਰ ਨਿਗਮ ਨੂੰ ਆਮਦਨ ਪ੍ਰਾਪਤ ਹੋ ਸਕਦੀ ਹੈ। ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 11 | 501 | 24/06/19 | **ਸੈਨੀਟੇਸ਼ਨ ਸ਼ਾਖਾ ਲਈ ਇੱਕ ਨਵੀਂ Back Hoe Loader Machine ਦੀ ਖਰੀਦ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵੱਲੋਂ ਸ਼ਹਿਰ ਵਿੱਚ ਸਫਾਈ ਦਾ ਕੰਮ ਕੀਤਾ ਜਾਂਦਾ ਹੈ। ਸ਼ਾਖਾ ਕੋਲ ਇਸ ਸਮੇਂ ਸ਼ਹਿਰ ਵਿੱਚ ਮਲਬਾ ਅਤੇ ਕੂੜਾ ਚੁੱਕਣ ਲਈ ਇੱਕ ਵੱਡੀ ਜੇ.ਸੀ.ਬੀ. ਮਸ਼ੀਨ ਅਤੇ ਦੋ ਛੋਟੀਆਂ ਜੇ.ਸੀ.ਬੀ. ਮਸ਼ੀਨਾ ਹਨ। ਪ੍ਰੰਤੂ ਨਗਰ ਨਿਗਮ ਦੀ ਹਦੂਦ ਅੰਦਰ ਵਾਧਾ ਹੋਣ ਕਾਰਨ ਸ਼ਹਿਰ ਵਿੱਚ ਮਲਬੇ ਅਤੇ ਕੂੜੇ ਦੀ ਮਾਤਰਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਜਿਸ ਕਾਰਨ ਇਹਨਾਂ ਤਿੰਨ ਮਸ਼ੀਨਾਂ ਨਾਲ ਕੰਮ ਚਲਾਉਣਾ ਬਹੁਤ ਮੁਸ਼ਕਲ ਹੈ।ਨਗਰ ਨਿਗਮ ਵਿਖੇ ਕੰਮ ਵੱਧ ਹੋਣ ਕਾਰਨ ਕਈ ਵਾਰ ਮਸ਼ੀਨ ਕਿਰਾਏ ਤੇ ਲੈਣੀ ਪੈਂਦੀ ਹੈ, ਜਿਸ ਕਰਕੇ ਕੰਮ ਕਰਨ ਵਿੱਚ ਦੇਰੀ ਹੋ ਜਾਂਦੀ ਹੈ। ਇਸ ਲਈ ਮਾਨਯੋਗ ਕਮਿਸ਼ਨਰ ਜੀ ਵੱਲੋਂ ਇੱਕ ਨਵੀਂ ਜੇ.ਸੀ.ਬੀ. ਮਸ਼ੀਨ ਦੀ ਖਰੀਦ ਕਰਨ ਲਈ ਹੁਕਮ ਕੀਤੇ ਹਨ ਤਾਂ ਜੋ ਸ਼ਹਿਰ ਵਿੱਚ ਕੂੜੇ ਅਤੇ ਮਲਬੇ ਦੀ ਸਮੱਸਿਆ ਨੂੰ ਠੱਲ ਪਾਈ ਜਾ ਸਕੇ। ਇਸ ਲਈ ਇੱਕ ਨਵੀਂ Back Hoe Loader ਮਸ਼ੀਨ ਦੀ ਖਰੀਦ ਕਰਨ ਲਈ Escort ਕੰਪਨੀ ਤੋਂ Escort Digmax II ਐਸਟੀਮੇਟ ਲਿਆ ਗਿਆ ਹੈ, ਜਿਸਦੀ ਖਰੀਦ ਕਰਨ ਤੇ ਲੱਗਭਗ 26,50,000/-ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ।ਇਸ ਖਰਚੇ ਵਿੱਚ ਮਸ਼ੀਨ ਦੀ ਕੀਮਤ 25,00,000/-ਰੁਪਏ ਅਤੇ ਰਜਿਸਟਰੇਸ਼ਨ ਆਦਿ ਦਾ ਖਰਚਾ ਅਲੱਗ ਤੋਂ ਹੈ। ਇਸ ਲਈ ਇੱਕ ਨਵੀਂ Back Hoe Loader ਮਸ਼ੀਨ ਦੀ ਖਰੀਦ ਕਰਨ ਅਤੇ ਆਉਣ ਵਾਲੇ ਖਰਚੇ ਦੀ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 12 | 502 | 24/06/19 | **ਸ਼ਹਿਰ ਵਿੱਚ 30 ਕਿਲੋ ਪ੍ਰਤੀ ਦਿਨ ਕੂੜਾ ਜਨਰੇਟ ਕਰਨ ਵਾਲੇ ਅਦਾਰਿਆਂ ਨੂੰ ਬਲਕ ਵੇਸਟ ਜਨਰੇਟਰ ਘੋਸ਼ਿਤ ਕਰਨ ਸਬੰਧੀ।**<br>ਰਿਪਰਟ ਸੈਨੀਟੇਸ਼ਨ ਸ਼ਾਖਾ ਕਿ ਸਵੱਛ ਭਾਰਤ ਮਿਸ਼ਨ ਦੇ ਤਹਿਤ ਸੋਲਿਡ ਵੇਸਟ ਮੈਨੇਜਮੈਂਟ ਦੇ ਰੂਲਜ 2016 ਵਿੱਚ 100 ਕਿਲੋ ਕੂੜਾ ਪ੍ਰਤੀ ਦਿਨ ਜਨਰੇਟ ਕਰਨ ਵਾਲੇ ਅਦਾਰੇ ਬਲਕ ਵੇਸਟ ਜਨਰੇਟਰ ਹਨ। ਇਸ ਦੇ ਤਹਿਤ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਹਦੂਦ ਵਿੱਚ ਤਕਰੀਬਨ 62 ਅਦਾਰਿਆਂ ਦੀ ਬਲਕ ਵੇਸਟ ਜਨਰੇਟਰ ਵਜੋਂ ਪਹਿਚਾਣ ਕੀਤੀ ਜਾ ਚੁੱਕੀ ਹੈ। ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਦੇ ਤਹਿਤ ਕੂੜੇ ਦੀ ਕੰਪੋਸਟਿੰਗ ਮੌਕੇ ਤੇ ਕਰਨ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਲਈ ਜਿਹੜੇ ਅਦਾਰਿਆ ਵੱਲੋਂ ਵੱਧ ਕੂੜਾ ਜਨਰੇਟ ਕੀਤਾ ਜਾਂਦਾ ਹੈ, ਉਹ ਆਪਣੇ ਅਦਾਰੇ ਵਿੱਚ ਹੀ ਪਿੱਟਸ ਰਾਹੀਂ ਜਾਂ ਹੋਰ ਕਿਸੇ ਵਿਧੀ ਰਾਹੀਂ ਕੂੜੇ ਤੋਂ ਖਾਦ ਬਨਾਉਣ ਤਾਂ ਜੋ ਕੂੜਾ ਡੰਪਿੰਗ ਸਾਈਟ ਤੇ ਘੱਟ ਤੋਂ ਘੱਟ ਮਾਤਰਾ ਵਿੱਚ ਜਾਵੇ। ਕੁਝ ਸ਼ਹਿਰਾਂ ਜਿਵੇਂ ਕਿ ਬੈਂਗਲੁਰੂ ਅਤੇ ਪੂਣੇ ਦੀਆਂ ਨਗਰ ਨਿਗਮਾਂ ਵੱਲੋਂ 20-30 ਕਿਲੋ ਪ੍ਰਤੀ ਦਿਨ ਕੂੜਾ ਜਨਰੇਟ ਕਰਨ ਵਾਲੇ ਅਦਾਰਿਆਂ ਨੂੰ ਬਲਕ ਵੇਸਟ ਜਨਰੇਟਰ ਘੋਸ਼ਿਤ ਕਰ ਦਿੱਤਾ ਹੈ।ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਸੋਲਿਡ ਵੇਸਟ ਮੈਨੇਜਮੈਂਟ ਦੇ ਰੂਲਜ 2016 ਦੇ ਤਹਿਤ ਐਕਸ਼ਨ ਪਲਾਨ ਤਿਆਰ ਕਰ ਲਿਆ ਗਿਆ ਹੈ। ਇਹ ਐਕਸ਼ਨ ਪਲਾਨ ਨਗਰ ਨਿਗਮ, ਐਸ.ਏ.ਐਸ.ਨਗਰ ਦੇ ਹਾਊਸ ਦੀ ਮੀਟਿੰਗ ਵਿੱਚ ਮਤਾ ਨੰ: 481 ਮਿਤੀ 01.02.2019 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ। ਇਸ ਐਕਸ਼ਨ ਪਲਾਨ ਵਿੱਚ ਇਹ ਮਾਪਦੰਡ ਹੈ ਕਿ ਸ਼ਹਿਰ ਦੇ ਬਲਕ ਵੇਸਟ ਜਨਰੇਟਰ ਵੱਲੋਂ ਆਪਣੇ ਅਦਾਰੇ ਵਿੱਚ ਹੀ ਕੂੜੇ ਤੋਂ ਖਾਦ ਬਣਾਈ ਜਾਵੇ ਤਾਂ ਜੋ ਘੱਟ ਤੋਂ ਘੱਟ ਮਾਤਰਾ ਵਿੱਚ ਕੂੜਾ ਡੰਪਿੰਗ ਸਾਈਟ ਅਤੇ ਸੈਕੰਡਰੀ ਪੁਆਇੰਟ ਤੇ ਜਾਵੇ। ਇਸ ਐਕਸ਼ਨ ਪਲਾਨ ਤੇ ਕਾਰਵਾਈ ਸਮਾਬੱਧ ਤਰੀਕੇ ਨਾਲ ਕੀਤੀ ਜਾਣੀ ਹੈ। ਇਹ ਉਚਿਤ ਹੋਵੇਗਾ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਹਦੂਦ ਦੇ ਅੰਦਰ ਜਿਹਨਾਂ ਅਦਾਰਿਆਂ ਵੱਲੋਂ 30 ਕਿਲੋ ਪ੍ਰਤੀ ਦਿਨ ਕੂੜਾ ਜਨਰੇਟ ਕੀਤਾ ਜਾਂਦਾ ਉਹਨਾਂ ਅਦਾਰਿਆਂ ਨੂੰ ਬਲਕ ਵੇਸਟ ਜਨਰੇਟਰ ਘੋਸ਼ਿਤ ਕਰ ਦਿੱਤਾ ਜਾਵੇ। ਇਸਦਾ ਇਹ ਫਾਇਦਾ ਹੋਵੇਗਾ ਕਿ ਇਹਨਾਂ ਅਦਾਰਿਆਂ ਵੱਲੋਂ ਆਪਣੇ ਅਦਾਰੇ ਵਿੱਚ ਹੀ ਕੂੜੇ ਤੋਂ ਖਾਦ ਬਨਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ ਜਿਸ ਨਾਲ ਸੈਕੰਡਰੀ ਪੁਆਇੰਟ ਅਤੇ ਡੰਪਿੰਗ ਸਾਈਟ ਤੇ ਕੂੜੇ ਦੀ ਮਾਤਰਾ ਘੱਟ ਜਾਵੇਗੀ।ਇਸ ਸਬੰਧੀ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਮਤਾ ਪ੍ਰਵਾਨ ਕਰਵਾਉਣਾ ਉਚਿਤ ਹੋਵੇਗਾ।ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 13 | 503 | 24/06/19 | **ਵੱਖ-ਵੱਖ ਫੰਕਸ਼ਨਾਂ ਵਿੱਚ ਫਾਇਰ ਟੈਂਡਰ ਭੇਜਣ ਤੇ ਫੀਸ਼ ਵਿਚ ਵਾਧਾ ਕਰਨ ਬਾਰੇ।**<br>ਰਿਪੋਰਟ ਫਾਇਰ ਸ਼ਾਖਾ ਕਿ ਫਾਇਰ ਬ੍ਰਿਗੇਡ ਵੱਲੋਂ ਫਾਇਰ ਟੈਂਡਰ ਪ੍ਰਾਈਵੇਟ ਫੰਕਸ਼ਨਾ ਵਿੱਚ ਜਿਵੇਂ ਕਿ ਮਿਊਜਿਕ ਈਵੈਂਟ, ਧਾਰਮਿਕ ਪ੍ਰੋਗਰਾਮ, ਪਬਲਿਕ ਪਲੇਸ ਅਤੇ ਕਾਲਜਾਂ ਵਿੱਚ ਹੋਣ ਵਾਲੇ ਫੰਕਸ਼ਨਾਂ, ਕ੍ਰਿਕਟ ਮੈਚਾਂ ਆਦਿ ਵਿੱਚ ਭੇਜਿਆ ਜਾਂਦਾ ਹੈ, ਜਿਸ ਦੇ ਨਗਰ ਨਿਗਮ ਵੱਲੋਂ 1000/-ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਫੀਸ਼ ਵਸੂਲ ਕੀਤੀ ਜਾਂਦੀ ਹੈ, ਇਹ ਫੀਸ਼ ਬਹੁਤ ਹੀ ਘੱਟ ਹੈ।ਕਿਉਂਕਿ ਫਾਇਰ ਟੈਂਡਰ ਦਾ ਤੇਲ ਅਤੇ ਉਸ ਨਾਲ ਜਾਣ ਵਾਲੀ ਕ੍ਰਿਊ ਦਾ ਸਮਾਂ ਵੀ ਖਰਾਬ ਹੁੰਦਾ ਹੈ।<br>ਇੱਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਲੁਧਿਆਣਾ ਵੱਲੋਂ ਉਕਤ ਫੰਕਸ਼ਨਾਂ ਵਿੱਚ ਫਾਇਰ ਦੀ ਗੱਡੀ ਭੇਜਣ ਤੇ 25000/-ਰੂਪੈ ਪ੍ਰਤੀ ਫੰਕਸ਼ਨ ਅਤੇ ਧਾਰਮਿਕ ਸਮਾਗਮ ਲਈ 1000/-ਰੂਪੈ ਪ੍ਰਤੀ ਘੰਟੇ ਦੇ ਹਿਸਾਬ ਨਾਲ ਚਾਰਜ਼ ਕੀਤਾ ਜਾਂਦਾ ਹੈ। ਸੋ ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਫਾਇਰ ਬ੍ਰਿਗੇਡ ਦੀ ਗੱਡੀ ਪ੍ਰਾਈਵੇਟ ਫੰਕਸ਼ਨਾ ਆਦਿ | ਫਾਇਰ ਟੈਂਡਰ ਦੀ ਫੀਸ਼ ਪ੍ਰਾਈਵੇਟ ਫੰਕਸ਼ਨਾ ਲਈ 25,000/- ਰੁਪਏ ਪ੍ਰਤੀ ਫੰਕਸ਼ਨ ਅਤੇ ਧਾਰਮਿਕ ਸਮਾਗਮਾ ਲਈ 1000/- ਰੂਪੈ ਪ੍ਰਤੀ ਘੰਟੇ ਦੇ ਹਿਸਾਬ ਨਾਲ ਲੈਣ ਦਾ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ। |

<table>
<tr><td></td><td></td><td></td><td>ਵਿੱਚ ਭੇਜਣ ਤੇ 25000/-ਰੁਪਏ ਪ੍ਰਤੀ ਫੰਕਸ਼ਨ ਜਾਂ 3000/-ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਕਰ ਦਿੱਤੀ ਜਾਵੇ ਤਾਂ ਨਗਰ ਨਿਗਮ ਨਿਗਮ ਨੂੰ ਵੀ ਵਿੱਤੀ ਲਾਭ ਹੋ ਸਕਦਾ ਹੈ।ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td><td></td></tr>
<tr><td>14</td><td>504</td><td>24/06/19</td><td><u>ਕਮਿਊਨਿਟੀ ਸੈਂਟਰਾਂ ਨੂੰ ਸਾਊਂਡ ਪਰੂਫ ਬਣਾਉਣ, ਏ.ਸੀ. ਲਗਾਉਣ ਅਤੇ ਰਿਪੇਅਰ ਕਰਵਾਉਣ ਉਪਰੰਤ ਕਮਿਊਨਿਟੀ ਸੈਂਟਰਾਂ ਦੀ ਬੁਕਿੰਗ ਫੀਸ ਵਿੱਚ ਵਾਧਾ ਕਰਨ ਸਬੰਧੀ।</u><br><br>ਰਿਪੋਰਟ ਸੁਪਰਡੰਟ (ਜਨਰਲ)/ ਸਕੱਤਰ ਕਿ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਪ੍ਰੀ-ਬਜਟ ਮੀਟਿੰਗ ਦੌਰਾਨ ਕਮਿਊਨਿਟੀ ਸੈਂਟਰਾਂ ਦੀ ਰੈਨੋਵੇਸ਼ਨ ਕਰਨ ਸਬੰਧੀ ਕਾਰਵਾਈ ਲਈ ਕਿਹਾ ਗਿਆ ਸੀ।ਸੋ ਉਕਤ ਹੁਕਮਾਂ ਅਨੁਸਾਰ ਨਗਰ ਨਿਗਮ ਦੇ ਸਮੂਹ ਕਮਿਊਨਿਟੀ ਸੈਂਟਰਾਂ ਨੂੰ ਰੈਨੋਵੇਸ਼ਨ ਕਰਨ ਨਾਲ ਪਬਲਿਕ ਨੂੰ ਕਈ ਹੋਰ ਸਹੂਲਤਾਂ ਵੀ ਮਿਲਣਗੀਆਂ ਅਤੇ ਇਹਨਾਂ ਕਮਿਊਨਿਟੀ ਸੈਂਟਰਾਂ ਦੀ ਬੁਕਿੰਗ ਜਿਆਦਾ ਹੋਣ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਵੀ ਹੋਵੇਗਾ।ਇਸ ਲਈ ਉਕਤ ਹੁਕਮਾਂ ਦੀ ਰੋਸ਼ਨੀ ਵਿੱਚ ਨਗਰ ਨਿਗਮ ਦੇ ਸਮੂਹ ਕਮਿਊਨਿਟੀ ਸੈਂਟਰਾਂ ਵਿੱਚ ਹੇਠ ਲਿਖੀਆਂ ਤਬਦੀਲੀਆਂ ਅਤੇ ਕੰਮ ਕਰਵਾਉਣ ਦੀ ਲੋੜ ਹੈ:-
<table>
<tr><td>1</td><td>ਸਮੂਹ ਕਮਿਊਨਿਟੀ ਸੈਂਟਰਾਂ ਨੂੰ ਆਧੁਨਿਕ ਬਣਾਉਣ ਲਈ ਸੈਂਟਰਲੀ ਏ.ਸੀ. ਕਰਵਾਉਣੇ ਜਰੂਰੀ ਹਨ ਕਿਉਂਕਿ ਗਰਮੀਆਂ ਦੇ ਦਿਨਾਂ ਵਿੱਚ ਏ.ਸੀ.ਦੀ ਸਹੂਲਤ ਨਾ ਹੋਣ ਕਰਕੇ ਕਮਿਊਨਿਟੀ ਸੈਂਟਰਾਂ ਦੀ ਬੁਕਿੰਗ ਤੇ ਬਹੁਤ ਮਾੜਾ ਅਸਰ ਪੈਂਦਾ ਹੈ।</td></tr>
<tr><td>2</td><td>ਸਾਰੇ ਕਮਿਊਨਿਟੀ ਸੈਂਟਰਾਂ ਨੂੰ ਸਾਊਂਡ ਪਰੂਫ ਬਣਾਉਣਾ ਬਹੁਤ ਜਰੂਰੀ ਹੈ ਤਾਂ ਜੋ ਇਸਦੇ ਨੇੜੇ ਰਹਿ ਰਹੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।</td></tr>
<tr><td>3</td><td>ਕਮਿਊਨਿਟੀ ਸੈਂਟਰਾਂ ਦੇ ਬਾਥਰੂਮ ਬਹੁਤ ਪੁਰਾਣੇ ਬਣੇ ਹੋਏ ਹਨ,ਇਸ ਲਈ ਸਾਰੇ ਕਮਿਊਨਿਟੀ ਸੈਂਟਰਾਂ ਦੇ ਬਾਥਰੂਮ ਪੂਰੀ ਤਰ੍ਹਾਂ ਰੈਨੋਵੇਟ ਕੀਤੇ ਜਾਣੇ ਜਰੂਰੀ ਹਨ।</td></tr>
<tr><td>4</td><td>ਕਮਿਊਨਿਟੀ ਸੈਂਟਰਾਂ ਦੀ ਬਿਲਡਿੰਗ ਅਤੇ ਫਲੋਰ ਬਹੁਤ ਗੰਦੇ ਅਤੇ ਕਈ ਜਗ੍ਹਾ ਤੋਂ ਟੁੱਟੇ ਹੋਏ ਹਨ।ਇਸ ਲਈ ਇਹਨਾਂ ਫਲੋਰ ਦੀ ਰਿਪੇਅਰ ਜਾਂ ਨਵੀਆਂ ਟਾਈਲਾਂ ਦਾ ਫਰਸ਼ ਲਗਾਉਣਾ ਜਰੂਰੀ ਹੈ ਤਾਂ ਜੋ ਇਨ੍ਹਾਂ ਦੀ ਦਿੱਖ ਸੁੰਦਰ ਬਣ ਸਕੇ।</td></tr>
<tr><td>5</td><td>ਕਮਿਊਨਿਟੀ ਸੈਂਟਰਾਂ ਵਿੱਚ ਪਰਦੇ ਨਹੀਂ ਲੱਗੇ ਹਨ, ਇਹਨਾਂ ਸਮੂਹ ਕਮਿਊਨਿਟੀ ਸੈਂਟਰਾਂ ਵਿੱਚ ਪਰਦੇ ਲਗਾਏ ਜਾਣੇ ਹਨ ਤਾਂ ਜੋ ਕਮਿਊਨਿਟੀ ਸੈਂਟਰਾਂ ਦੀ ਦਿੱਖ ਹੋਰ ਵੀ ਵਧੀਆ ਲੱਗ ਸਕੇ।</td></tr>
<tr><td>6</td><td>ਸਮੂਹ ਕਮਿਊਨਿਟੀ ਸੈਂਟਰਾਂ ਵਿੱਚ ਖੁੱਲੀ ਜਗ੍ਹਾ ਦੀ ਲੈਂਡਸਕੈਪਿੰਗ ਕਰਵਾ ਕੇ ਉੱਥੇ ਫੁੱਲ ਬੂਟੇ ਲਗਵਾਉਣੇ ਜਰੂਰੀ ਹਨ ਤਾਂ ਜੋ ਪਬਲਿਕ ਨੂੰ ਸੁੰਦਰ ਦਿੱਖ ਦੇ ਨਾਲ ਸਾਫ ਸੁਥਰਾ ਵਾਤਾਵਰਣ ਮਿਲ ਸਕੇ।</td></tr>
<tr><td>7</td><td>ਕਮਿਊਨਿਟੀ ਸੈਂਟਰਾਂ ਵਿੱਚ ਵਧੀਆ ਕਵਾਲਿਟੀ ਦਾ ਪੇਂਟ ਕਰਵਾਇਆ ਜਾਣਾ ਯੋਗ ਹੋਵੇਗਾ।</td></tr>
<tr><td>8</td><td>ਕਮਿਊਨਿਟੀ ਸੈਂਟਰਾਂ ਵਿੱਚ ਅੰਦਰ ਅਤੇ ਬਾਹਰ ਫੈਂਸੀ ਲਾਈਟਾਂ ਲਗਾਈਆਂ ਜਾਣ ਤਾਂ ਕਿ ਰਾਤ ਸਮੇਂ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਰੋਸ਼ਨੀ ਹੋ ਸਕੇ ਅਤੇ ਇਸ ਨਾਲ ਇਸਦੀ ਦਿੱਖ ਹੋਰ ਵੀ ਸੁੰਦਰ ਬਣ ਜਾਵੇਗੀ।</td></tr>
</table>
ਕਮਿਊਨਿਟੀ ਸੈਂਟਰਾਂ ਵਿੱਚ ਉਕਤ ਕੰਮ ਕਰਵਾਉਣ ਲਈ ਆਉਣ ਵਾਲੇ ਖਰਚੇ ਸਬੰਧੀ ਨਗਰ ਨਿਗਮ ਦੀ ਇੰਜੀਨੀਅਰਿੰਗ ਸ਼ਾਖਾ ਤੋਂ ਰਿਪੋਰਟ ਲੈਕੇ/ ਐਸਟੀਮੇਟ ਤਿਆਰ ਕਰਵਾ ਕੇ ਹਾਊਸ/ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ</td><td>ਇਸ ਤਜਵੀਜ਼ ਸਬੰਧੀ ਸਰਬ ਸੰਮਤੀ ਨਾਲ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਗਿਆ:-<br>1) ਸੈਕਟਰ 54,56,65,70 ਦੀ ਬੁਕਿੰਗ ਫੀਸ਼ 17,000/- ਰੁਪਏ।<br>2) ਸੈਕਟਰ 55, 59, 60, 61, 69,71 ਦੀ ਬੁਕਿੰਗ ਫੀਸ਼ 24,000/- ਰੁਪਏ ਹੋਵੇਗੀ ਅਤੇ ਬਣਦਾ ਜੀ.ਐਸ.ਟੀ. ਵੱਖਰਾ ਵਸੂਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਹਨਾਂ ਦੀ 10,000/- ਬਤੌਰ ਸਕਿਓਰਟੀ ਫੀਸ਼ ਜੋ ਕਿ ਰੀਫੰਡਏਬਲ ਹੋਵੇਗੀ।<br>ਉਕਤ ਰੇਟ ਤਜਵੀਜ਼ ਵਿੱਚ ਦਰਸਾਏ ਗਏ ਲੜੀ ਨੰ.1 ਤੋਂ 8 ਤੱਕ ਦੇ ਕੰਮ 6 ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਉਣ ਉਪਰੰਤ ਇਹਨਾ ਕੰਮਾਂ ਦਾ ਕੰਪਲੀਸ਼ਨ ਸਰਟੀਫਿਕੇਟ ਨਿਗਰਾਨ ਇੰਜੀਨੀਅਰ ਤੋਂ ਲੈਣ ਉਪਰੰਤ ਉਕਤ ਅਨੁਸਾਰ ਨਵੇਂ ਰੇਟ ਮਿਤੀ 1/1/2020 ਤੋਂ ਲੈਣ ਲਈ ਕਮਿਸ਼ਨਰ, ਨਗਰ ਨਿਗਮ ਆਪਣੇ ਪੱਧਰ ਤੇ ਲਾਗੂ ਕਰਨਗੇ।</td></tr>
</table>

<table>
<tr>
<td></td>
<td></td>
<td></td>
<td>ਵਿੱਚ ਪਾਸ ਕਰਵਾਉਣ ਉਪਰੰਤ ਹੀ ਕੰਮ ਕਰਵਾਉਣਾ ਯੋਗ ਹਵੇਗਾ।<br><br>ਉਕਤ ਕੰਮ ਕਰਵਾਉਣ ਦੇ ਨਾਲ ਇਹ ਵੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਮੂਹ ਕਮਿਊਨਿਟੀ ਸੈਂਟਰਾਂ ਦੀ ਬੁਕਿੰਗ ਦੇ ਰੇਟ ਬਹੁਤ ਘੱਟ ਹਨ, ਨੂੰ ਵੀ ਰੀਵਾਈਜ ਕਰਨਾ ਬਣਦਾ ਹੈ ਤਾਂ ਜੋ ਕਮਿਊਨਿਟੀ ਸੈਂਟਰਾਂ ਦੀ ਸਾਂਭ-ਸੰਭਾਲ ਲਈ ਨਗਰ ਨਿਗਮ ਨੂੰ ਕੋਈ ਮੁਸ਼ਕਿਲ ਨਾ ਆਵੇ।ਇਸ ਸਮੇਂ ਕਮਿਊਨਿਟੀ ਸੈਂਟਰਾਂ ਦੀ ਫੀਸ 10,500+1890+5000 = 17,390/-ਰੁਪਏ ਅਤੇ 7500+1350+5000=13,850/-ਰੁਪਏ (ਬੁਕਿੰਗ ਫੀਸ + ਜੀ.ਐਸ.ਟੀ+ ਸਕਿਓਟੀ) 24 ਘੰਟਿਆ ਲਈ ਵਸੂਲ ਕੀਤੇ ਜਾਂਦੇ ਹਨ ਜੋ ਕਿ ਬਹੁਤ ਘੱਟ ਹੈ।ਇਸ ਲਈ ਸਮੂਹ ਕਮਿਊਨਿਟੀ ਸੈਂਟਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਫਲੈਟ ਰੇਟ 51,000/-ਰੁਪਏ ਅਤੇ ਇਸਤੇ ਬਣਦਾ ਜੀ.ਐਸ.ਟੀ. ਅਤੇ ਬਤੌਰ ਸਕਿਓਰਟੀ 20,000/-ਰੁਪਏ ਲੈਣ ਦੀ ਤਜਵੀਜ ਪੇਸ਼ ਕੀਤੀ ਜਾਂਦੀ ਹੈ, 20,000/-ਰੁਪਏ ਬਤੌਰ ਸਕਿਓਰਟੀ ਪ੍ਰੋਗਰਾਮ ਖਤਮ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਐਨ.ਓ.ਸੀ. ਰਿਪੋਰਟਾਂ ਆਉਣ ਉਪਰੰਤ ਰੀਫੰਡ ਕਰਨ ਯੋਗ ਹੋਵੇਗੀ।ਇਸ ਲਈ ਇੰਜੀਨੀਅਰਿੰਗ ਸ਼ਾਖਾ ਵੱਲੋਂ ਉਕਤ ਲੜੀ ਨੰ: 1 ਤੋਂ 8 ਤੱਕ ਦੇ ਕੰਮ ਹੋਣ ਤੋਂ ਬਾਅਦ ਰੇਟ ਵਧਾਉਣ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td>
<td></td>
</tr>
<tr>
<td>15</td>
<td>505</td>
<td>24/06/19</td>
<td>ਪਾਰਕ ਨੰ: 12 ਨੇੜੇ ਕੋਠੀ ਨੰ: 80-100 ਅਤੇ ਪਾਰਕ ਨੰ: 14 ਸਾਹਮਣੇ ਕੋਠੀ ਨੰ: 232 ਸੈਕਟਰ-70 ਇਕਰਾਰਨਾਮਾ ਕਰਨ ਸਬੰਧੀ।<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਵਿਸੇ ਸਬੰਧੀ ਦੱਸਿਆ ਜਾਦਾ ਹੈ ਕਿ Mohali Environment Society Regd. ਵੱਲੋਂ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ।ਇਹ ਐਸੋਸੀਏਸ਼ਨ ਨਗਰ ਨਿਗਮ ਨਾਲ ਇਕਰਾਰਨਾਮਾ ਕਰਨਾ ਚਾਹੁੰਦੀ ਹੈ, ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਐਸੋਸੀਏਸ਼ਨ ਦਾ ਨਾਮ</th><th>ਸੈਕਟਰ/ਫੇਜ</th><th>ਪਾਰਕ ਨੰਬਰ</th><th>ਏਰੀਆ (sqm)</th></tr>
<tr><td rowspan="2">1</td><td rowspan="2">Mohali Environment Society Regd.</td><td rowspan="2">ਸੈਕਟਰ-70</td><td>12</td><td>1247</td></tr>
<tr><td>14</td><td>2804</td></tr>
</table>
ਉਕਤ ਐਸੋਸੀਏਸ਼ਨ ਵੱਲੋਂ ਪਾਰਕ ਨੰ: 12 ਨੇੜੇ ਕੋਠੀ ਨੰ: 80-100 ਅਤੇ ਪਾਰਕ ਨੰ: 14 ਸਾਹਮਣੇ ਕੋਠੀ ਨੰ: 232 ਸੈਕਟਰ-70 ਦੀ ਸਾਂਭ ਸੰਭਾਲ ਕਰਨਾ ਚਾਹੁੰਦੇ ਹਨ। ਉਕਤ ਐਸੋਸੀਏਸ਼ਨ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਰਕ ਦੇ ਰੱਖ ਰਖਾਵ ਲਈ 2.45/-ਰੁਪਏ ਪ੍ਰਤੀ ਸਕੇਅਰ ਮੀਟਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ।ਸੋ ਉਕਤ ਅਨੁਸਾਰ ਐਸੋਸੀਏਸ਼ਨ ਦੀ ਬੇਨਤੀ ਤੇ ਐਸੋਸੀਏਸ਼ਨ ਨੂੰ ਪਾਰਕ ਦੀ ਮੈਨਟੀਨੈਸ ਦਾ ਕੰਮ ਦੇਣ ਅਤੇ ਇਕਰਾਰਨਾਮਾ ਕਰਨ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।</td>
<td>ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td>
</tr>
</table>

<table>
<tr><td>16</td><td>506</td><td>24/06/19</td><td><u>ਐਸੋਸੀਏਸ਼ਨ ਨੂੰ ਪਾਰਕਾਂ ਦਾ ਕੰਮ ਮੈਨਟੇਨ ਲਈ ਸੋਪਣ ਸਬੰਧੀ।</u><br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ Mohali Environment Society Regd., ਸੈਕਟਰ-70, ਰੈਜੀਡੈਂਟਸ ਸੋਸ਼ਲ ਵੈਲਫੇਅਰ ਐਸੋਸੀਏਸ਼ਨ, ਸੈਕਟਰ-54 ਅਤੇ ਏਰੀਆ ਵੈਲਫੇਅਰ ਐਸੋਸੀਏਸ਼ਨ, ਸੈਕਟਰ-65 ਵੱਲੋਂ ਬੇਨਤੀ ਪੱਤਰ ਪ੍ਰਾਪਤ ਹਨ। ਇਹ ਐਸੋਸੀਏਸ਼ਨਾਂ ਨਗਰ ਨਿਗਮ ਨਾਲ ਇਕਰਾਰਨਾਮਾ ਕਰਨਾ ਚਾਹੁੰਦੀਆਂ ਹਨ, ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br><br>
<table>
<tr><td>ਲੜੀ ਨੰ:</td><td>ਐਸੋਸੀਏਸ਼ਨ ਦਾ ਨਾਮ</td><td>ਸੈਕਟਰ/ਫੇਜ</td><td>ਪਾਰਕ ਨੰਬਰ</td><td>ਏਰੀਆ/(sqm)</td></tr>
<tr><td rowspan="4">1</td><td rowspan="4">ਮੋਹਾਲੀ ਇਨਵਾਇਰਮੈਂਟ ਸੋਸਾਇਟੀ ਰਜਿ.</td><td rowspan="4">ਸੈਕਟਰ-70</td><td>10</td><td>480</td></tr>
<tr><td>11</td><td>1314</td></tr>
<tr><td>13</td><td>2303</td></tr>
<tr><td>15</td><td>2440</td></tr>
<tr><td rowspan="4">2</td><td rowspan="4">ਰੈਜੀਡੈਂਟਸ ਸੋਸ਼ਲ ਵੈਲਫੇਅਰ ਐਸੋਸੀਏਸ਼ਨ</td><td rowspan="4">ਸੈਕਟਰ-54</td><td>13</td><td>1721</td></tr>
<tr><td>14</td><td>2211</td></tr>
<tr><td>19</td><td>2946</td></tr>
<tr><td>22</td><td>3394</td></tr>
<tr><td rowspan="2">3</td><td rowspan="2">ਏਰੀਆ ਵੈਲਫੇਅਰ ਐਸੋਸੀਏਸ਼ਨ</td><td rowspan="2">ਸੈਕਟਰ-65</td><td>46</td><td>1647</td></tr>
<tr><td>49</td><td>1738</td></tr>
</table>
<br>ਉਕਤ ਐਸੋਸੀਏਸ਼ਨਾਂ ਪਾਰਕ ਨੰ: 10, 11,13, 15 ਸੈਕਟਰ-70, ਪਾਰਕ ਨੰ: 13, 14, 19, 22 ਸੈਕਟਰ-54 ਅਤੇ ਪਾਰਕ ਨੰ: 46, 49 ਸੈਕਟਰ-65 ਦੀ ਸਾਂਭ-ਸੰਭਾਲ ਕਰਨਾ ਚਾਹੁੰਦੀਆਂ ਹਨ। ਉਕਤ ਐਸੋਸੀਏਸ਼ਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਰਕ ਦੇ ਰੱਖ-ਰਖਾਵ ਲਈ 2.45/-ਰੁਪਏ ਪ੍ਰਤੀ ਸਕੇਅਰ ਮੀਟਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ। ਇਹਨਾਂ ਪਾਰਕਾਂ ਦੀ ਮੈਨਟੀਨੈਸ ਦੀ ਕਟੌਤੀ ਨਗਰ ਨਿਗਮ ਦੇ ਸਾਲਾਨਾ ਚੱਲ ਰਹੇ ਮੈਨਟੀਨੈਸ ਦੇ ਕੰਮ ਵਿੱਚੋਂ ਕਰ ਲਈ ਜਾਵੇਗੀ।ਸੋ ਉਕਤ ਅਨੁਸਾਰ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।</td><td>ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td></tr>
<tr><td>17</td><td>507</td><td>24/06/19</td><td><u>ਪਾਰਕ ਨੰ: 22, ਫੇਜ-7 ਨੂੰ ਸਪੈਸ਼ਲ ਪਾਰਕ ਐਲਾਨ ਕੇ ਲੋੜੀਂਦਾ ਵਿਕਾਸ ਕਰਵਾਉਣ ਸਬੰਧੀ।</u><br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਵਿਸ਼ੇ ਸਬੰਧੀ ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ: 18 ਵੱਲੋਂ ਇਸ ਦਫਤਰ ਨੂੰ ਲਿਖ ਕੇ ਦਿੱਤਾ ਗਿਆ ਹੈ ਕਿ "ਮੇਰੇ ਵਾਰਡ ਅੰਦਰ ਪੈਂਦੀ ਪਾਰਕ ਨੰ: 22, ਫੇਜ-7 ਦੀ</td><td>ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਸਭ ਤੋਂ ਵੱਡੀ ਪਾਰਕ ਹੈ। ਇਹ ਮਾਰਕੀਟ ਨਾਲ ਲੱਗਦੀ ਹੈ ਅਤੇ ਦੂਜੇ ਪਾਸੇ ਬੀ-ਰੋਡ ਨਾਲ ਲੱਗਦੀ ਹੋਈ ਸੈਕਟਰ-70 ਵਾਲੇ ਪਾਸੇ ਪੈਦਲ ਜਾਣ ਵਾਲਿਆਂ ਲਈ ਰਸਤੇ ਵਜੋਂ ਵੀ ਵਰਤੀ ਜਾਂਦੀ ਹੈ। ਇਸਦਾ ਸੈਰ ਕਰਨ ਦਾ ਟ੍ਰੈਕ ਲੱਗਭਗ 700 ਮੀਟਰ ਲੰਬਾ ਹੈ, ਇਥੇ ਵੱਡੀ ਗਿਣਤੀ ਲੋਕ ਸੈਰ ਕਰਦੇ ਹਨ। ਇਸ ਪਾਰਕ ਨੂੰ ਵਿਕਸਤ ਕਰਵਾਉਣ ਦੀ ਲੋਕਾਂ ਦੀ ਵੱਡੀ ਮੰਗ ਹੈ।ਕਿਰਪਾ ਕਰਕੇ ਇਸ ਪਾਰਕ ਨੂੰ ਸਪੈਸ਼ਲ ਪਾਰਕ ਐਲਾਨ ਕੇ ਸ਼ੈਲੋ ਟਿਊਬਵੈਲ, ਜਿੰਮ, ਫੁੱਲ ਬੂਟੇ ਲਗਾਉਣੇ ਆਦਿ ਲੋੜੀਂਦਾ ਵਿਕਾਸ ਕਰਵਾਇਆ ਜਾਵੇ ਜੀ"।<br>ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਪਾਰਕ ਮਹਿਕਮਾ ਗਮਾਡਾ ਵੱਲੋਂ ਨਗਰ ਨਿਗਮ ਨੂੰ ਬਤੌਰ ਜਨਰਲ ਪਾਰਕ ਹੈਂਡ ਓਵਰ ਹੋਈ ਹੈ। ਉਕਤ ਪਾਰਕ ਨੂੰ ਮਿਊਂਸਪਲ ਕੌਂਸਲਰ ਦੀ ਮੰਗ ਤੇ ਸਪੈਸ਼ਲ ਪਾਰਕ ਦਾ ਦਰਜਾ ਦੇਣ ਲਈ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 18 | 508 | 24/06/19 | **ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਅਤੇ ਰੈਗੂਲਰ ਕਰਮਚਾਰੀਆਂ ਨੂੰ ਓਵਰ ਟਾਇਮ ਦੇਣ ਸਬੰਧੀ।**<br>ਰਿਪੋਰਟ ਫਾਇਰ ਸ਼ਾਖਾ ਕਿ ਨਗਰ ਨਿਗਮ, ਫਾਇਰ ਬ੍ਰਿਗੇਡ, ਐਸ.ਏ.ਐਸ.ਨਗਰ ਵਿਖੇ ਫਾਇਰ ਸਟਾਫ ਦੀ ਬਹੁਤ ਜ਼ਿਆਦਾ ਘਾਟ ਹੈ। ਫਾਇਰ ਬ੍ਰਿਗੇਡ ਵਿਖੇ ਇੱਕ ਏ.ਡੀ.ਐਫ.ਓ. ਤੈਨਾਤ ਹੈ ਅਤੇ ਦੋ ਸਟੇਸ਼ਨ ਫਾਇਰ ਅਫਸਰ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ 10 ਸਬ ਫਾਇਰ ਅਫਸਰ ਦੀਆਂ ਆਸਾਮੀਆ ਦੀ ਜਗ੍ਹਾਂ ਤੇ 3 ਸਬ ਫਾਇਰ ਅਫਸਰ ਹੀ ਕੰਮ ਚਲਾ ਰਹੇ, 7 ਸਬ ਫਾਇਰ ਅਫਸਰ ਦੀਆ ਆਸਾਮੀਆ ਖਾਲੀ ਪਈਆਂ ਹਨ। ਇਸੇ ਤਰ੍ਹਾਂ 24 ਲੀਡਿੰਗ ਫਾਇਰ, 24 ਡਰਾਈਵਰ ਅਤੇ 80 ਫਾਇਰਮੈਨਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਫਾਇਰ ਸਟਾਫ ਦੀ ਘਾਟ ਹੋਣ ਕਾਰਨ ਜੋ ਸਟਾਫ ਇਸ ਸਮੇਂ ਫਾਇਰ ਬ੍ਰਿਗੇਡ ਵਿਖੇ ਤੈਨਾਤ ਹੈ, ਉਸ ਸਟਾਫ ਤੋਂ ਫਾਇਰ ਬ੍ਰਿਗੇਡ ਦਾ ਕੰਮ ਚਲਾਇਆ ਜਾ ਰਿਹਾ ਹੈ, ਜਦੋਂ ਕਿ ਗਰਮੀ ਦਾ ਸ਼ੀਜਨ ਹੋਣ ਕਾਰਨ ਬਹੁਤ ਜ਼ਿਆਦਾ ਅਗਨੀ ਘਟਨਾਵਾਂ ਵਾਪਰੀਆ ਹਨ ਅਤੇ ਇਸ ਤੋਂ ਇਲਾਵਾ ਵੀ.ਆਈ.ਪੀਜ਼ ਡਿਊਟੀਆ ਕਰਨੀਆ ਪੈਂਦੀਆ ਹਨ ਅਤੇ ਫਾਇਰ ਬ੍ਰਿਗੇਡ ਦੇ ਸਟਾਫ ਦੀਆਂ ਹਫਤਾਵਾਰੀ ਰੈਸਟਾ ਅਤੇ ਛੁੱਟੀਆਂ ਬੰਦ ਕਰਕੇ ਫਾਇਰ ਬ੍ਰਿਗੇਡ ਦਾ ਕੰਮ ਚਲਾਇਆ ਜਾ ਰਿਹਾ ਹੈ। ਜਿਸ ਕਰਕੇ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਫਾਇਰ ਬ੍ਰਿਗੇਡ ਨੂੰ ਅੱਗ ਬੁਝਾਉਣ ਲਈ ਖਰੜ, ਕੁਰਾਲੀ, ਘੰੜੂਆ, ਨਵਾਂ ਗਰਾਓ, ਮੁੱਲਾਂਪੁਰ, ਲਾਂਡਰਾਂ ਅਤੇ ਹੋਰ ਵੱਖ-ਵੱਖ ਪਿੰਡਾਂ ਵਿੱਚ ਜਾਣਾ ਪੈਂਦਾ ਹੈ।<br>ਨਗਰ ਨਿਗਮ, ਫਾਇਰ ਬ੍ਰਿਗੇਡ, ਜਲੰਧਰ, ਅੰਮ੍ਰਿਤਸਰ, ਪਟਿਆਲਾ ਵੱਲੋਂ ਫਾਇਰ ਸਟਾਫ ਨੂੰ ਵਾਧੂ ਸਮਾਂ ਡਿਊਟੀ ਕਰਨ ਦੇ ਬਦਲੇ ਦਿੱਤੇ ਜਾ ਰਹੇ ਓਵਰ ਟਾਈਮ ਬਾਰੇ ਪਤਾ ਕਰਨ ਤੇ ਉਨ੍ਹਾਂ ਵੱਲੋਂ ਜੁਬਾਨੀ ਤੌਰ ਤੇ ਦੱਸਿਆ ਗਿਆ ਕਿ ਫਾਇਰ ਸਟਾਫ ਨੂੰ ਵਾਧੂ ਸਮਾਂ ਡਿਊਟੀ ਕਰਨ ਦੇ ਬਦਲੇ ਓਵਰ ਟਾਈਮ ਪ੍ਰਤੀ ਘੰਟੇ ਦੀ ਬਣਦੀ ਤਨਖਾਹ (ਬੇਸਿਕ ਪੇ+ ਡੀ.ਏ.) ਦਾ ਡਬਲ ਦਿੱਤਾ ਜਾਂਦਾ ਹੈ।<br>ਜਦੋਂ ਤੱਕ ਸਰਕਾਰ ਵੱਲੋਂ ਉਪਰੋਕਤ ਅਧਿਕਾਰੀਆਂ/ ਕਰਮਚਾਰੀਆਂ ਦੀ ਰੈਗੂਲਰ ਜਾਂ ਆਊਟ ਸੋਰਸ ਤੇ ਭਰਤੀ ਨਹੀਂ ਹੁੰਦੀ ਉਦੋਂ ਤੱਕ ਉਕਤ ਨਗਰ ਨਿਗਮਾਂ ਦੇ ਅਧਾਰ ਤੇ ਨਗਰ ਨਿਗਮ, ਐਸ.ਏ.ਐਸ.ਨਗਰ ਦੇ ਰੈਗੂਲਰ ਫਾਇਰ ਸਟਾਫ ਤੋਂ ਵਾਧੂ ਸਮਾਂ ਡਿਊਟੀ ਲੈਣ ਦੇ ਬਦਲੇ ਉਨ੍ਹਾਂ ਨੂੰ ਓਵਰ ਟਾਈਮ ਦਿੱਤਾ ਜਾਵੇ ਤਾਂ ਜੋ ਫਾਇਰ ਬ੍ਰਿਗੇਡ ਦਾ ਕੰਮ ਸਹੀ ਅਤੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਅਤੇ ਲੋਕਾਂ ਦੀ ਜਾਨ ਅਤੇ ਮਾਲ ਦੀ ਅੱਗ ਤੋਂ ਸੁਰੱਖਿਆ ਕੀਤੀ ਜਾ ਸਕੇ।ਸੋ ਉਕਤ ਅਨੁਸਾਰ ਰੈਗੂਲਰ ਫਾਇਰ ਸਟਾਫ ਨੂੰ ਵਾਧੂ ਸਮਾਂ ਡਿਊਟੀ ਕਰਨ ਦੇ ਬਦਲੇ ਓਵਰ ਟਾਈਮ ਦੇਣ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| 19 | 509 | 24/06/19 | **ਇੰਜ਼ੀਨੀਅਰਿੰਗ ਸ਼ਾਖਾ ਵੱਲੋਂ ਵਿਕਾਸ ਦੇ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹਨ:-** | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| ਲੜੀ ਨੰ. | ਕੰਮ ਦਾ ਨਾਮ | ਅਨੁਮਾਨਤ ਲਾਗਤ |
|---|---|---|
| 1 | ਪ੍ਰੋਵਾਈਡਿੰਗ/ਲੇਇੰਗ ਆਫ ਐਸ.ਡੀ.ਬੀ.ਸੀ. ਇੰਨ ਫੇਜ਼-10 ਮਾਰਕੀਟ | 41.67 ਲੱਖ |
| 2 | ਪ੍ਰਵਾਈਡਿੰਗ, ਸਪਲਾਈ, ਪਲਾਂਟਿੰਗ ਐਂਡ ਫਿਕਸਿੰਗ ਆਫ ਟਰੀਗਾਰਡ ਆਫ ਪਰਮਾਨੈਂਟ ਟਰੀ ਆਫ ਡਿਫਰੈਂਟ ਸਪੈਸਿਜ਼ ਐਂਡ ਮੈਨਟੀਨੈਂਸ ਆਫ ਟਰੀ ਫਾਰ ਟੂ ਈਅਰ ਆਨ ਵੈਰੀਅਸ ਰੋਡਜ਼ ਇੰਨ ਐਸ.ਏ.ਐਸ.ਨਗਰ। | 18.76 ” |
| 3 | ਪ੍ਰੋਵਾਈਡਿੰਗ/ਲੇਇੰਗ ਆਫ ਐਸਡੀਬੀਸੀ ਇੰਨ ਫੇਜ਼-2, 7.5 ਮਰਲਾ, 10 ਮਰਲਾ ਐਂਡ 1 ਕਨਾਲ ਪਾਕਿਟ ਵਾਰਡ ਨੰ. 12,13,5 | 37.85 ” |
| 4 | ਪ੍ਰੋਵਾਈਡਿੰਗ/ਲੇਇੰਗ ਆਫ ਐਸਡੀਬੀਸੀ ਇੰਨ ਵਾਰਡ ਨੰ. 17, 7.5 ਮਰਲਾ ਐਂਡ 10 ਮਰਲਾ ਪਾਕਿਟ ਫੇਜ਼-3ਬੀ1 | 36.90 ” |
| 5 | ਪ੍ਰੋਵਾਈਡਿੰਗ/ਫਿਕਸਿੰਗ ਆਫ ਐਮ.ਐਸ.ਗਰਿੱਲਜ਼ ਫਰਾਮ ਫਰੈਂਕੋ ਹੋਟਲ ਟੂ ਪੀ.ਟੀ.ਐਲ ਚੌਕ | 47.79 ” |
| 6 | ਪ੍ਰੋਵਾਈਡਿੰਗ/ਫਿਕਸਿੰਗ ਆਫ ਐਮ.ਐਸ.ਗਰਿੱਲਜ਼ ਆਨ ਸੈਕਟਰ 68/69 ਡਿਵਾਈਡਿੰਗ ਰੋਡ | 51.28 ” |
| 7 | ਪ੍ਰੋਵਾਈਡਿੰਗ/ਫਿਕਸਿੰਗ ਆਫ ਐਮ.ਐਸ.ਗਰਿੱਲਜ਼ ਆਨ ਸੈਕਟਰ 68/67 ਡਿਵਾਈਡਿੰਗ ਰੋਡ | 51.09 ” |
| 8 | ਰਫ ਕਾਸਟ ਐਸਟੀਮੈਟ ਫਾਰ ਲੇਇੰਗ ਆਫ ਬੀ.ਸੀ.ਇੰਨ ਆਨ ਰੋਡ ਸਪਾਈਸ ਚੌਕ ਟੂ ਏਅਰ ਪੋਰਟ ਰੋਡ | 59.72 ” |
| 9 | ਪ੍ਰੋਵਾਈਡਿੰਗ ਐਂਡ ਲੇਇੰਗ ਆਫ 40 ਐਮਐਮ ਥਿੱਕ ਬੀ.ਸੀ.ਆਨ ਰੋਡ ਸਪਾਈਸ ਚੌਕ ਟੂ ਸ਼ਮਸ਼ਾਨ ਘਾਟ ,ਐਸ.ਏ.ਐਸ.ਨਗਰ | 62.85 ” |
| 10 | ਪ੍ਰੋਵਾਈਡਿੰਗ/ਲੇਇੰਗ ਆਫ ਐਸਡੀਬੀਸੀ ਇੰਨ ਫੇਜ਼-5 ਐਂਡ 3ਬੀ2 ਵਾਰਡ ਨੰ. 16,10 ਕਨਾਲ ਪਾਕਿਟ ਐਂਡ 10 ਮਰਲਾ ਪਾਕਿਟ | 37.52” |
| 11 | ਰਫ ਕਾਸਟ ਐਸਟੀਮੈਟ ਫਾਰ ਕੰਨਸ.ਆਫ ਕੰਪੋਸਟਿਗ ਯੂਨਿਟ ਐਂਡ ਸੈਡਜ਼ ਐਟ ਵੈਰੀਅਸ ਸੰਕੈਡਰੀ ਪੁਆਇੰਟਸ,ਐਸ.ਏ.ਐਸ.ਨਗਰ | 49.80 ” |
| 12 | ਬਿਊਟੀਫਿਕੇਸ਼ਨ ਐਂਡ ਅਪਗਰੇਡੇਸ਼ਨ ਆਫ ਰੋਡ ਫਰਾਮ ਵਾਈ.ਪੀ.ਐਸ.ਚੌਕ ਟੂ ਗੁਰੂਦੁਆਰਾ ਸਾਹਿਬ, ਸੋਹਾਣਾ ਲਾਇਟਸ | 28.82 ” |
| 13 | ਡਿਵੈਲਪਮੈਟ ਆਫ ਮੈਗੋਂ ਪਾਰਕ ਇੰਨ ਇੰਡ.ਏਰੀਆ ਫੇਜ਼-3,ਐਸ.ਏ.ਐਸ.ਨਗਰ | 25.28 ” |

<table>
<tr><td></td><td></td><td></td><td><table>
<tr><td>14</td><td>ਐਸਟੀਮੇਟ ਫਾਰ ਪਰਚੇਜ ਆਫ ਟਰਕ ਮਾਊਂਟਡ ਸੀਵਰੇਜ ਸੰਕਸ਼ਨ ਕਮ ਜੈਟਿੰਗ ਮਸ਼ੀਨ ਆਫ ਕੈਪੀਸਿਟੀ 8000 ਲੀਟਰ ਮਾਊਂਟਡ ਆਨ ਟਰਕ ਚੈਸੀਜ ਫਾਰ ਮਿਊਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ।</td><td>49.50 ”</td></tr>
<tr><td>15</td><td>ਐਸਟੀਮੇਟ ਫਾਰ ਪਰਚੇਜ ਆਫ ਟਰਕ ਮਾਊਂਟਡ ਸੀਵਰੇਜ ਸੰਕਸ਼ਨ ਕਮ ਜੈਟਿੰਗ ਮਸ਼ੀਨ ਆਫ ਕੈਪੀਸਿਟੀ 8000 ਲੀਟਰ ਮਾਊਂਟਡ ਆਨ ਟਰਕ ਚੈਸੀਜ ਆਨ ਡਿਮਾਂਡ ਆਫ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਡਿਪਾਰਟਮੈਂਟ, ਐਸ.ਏ.ਐਸ.ਨਗਰ।</td><td>49.50 ”</td></tr>
</table></td><td></td></tr>
<tr><td>20</td><td>510</td><td>24/06/19</td><td><u>ਹੇਠ ਲਿਖਿਆ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ:-</u><br><br><u>ਸੈਕਟਰ 66 ਤੋਂ 69 ਅਤੇ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਗਮਾਡਾ ਤੋਂ ਟੇਕ ਓਵਰ ਕਰਨ ਸਬੰਧੀ।</u><br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ.) ਕਿ ਮਾਨਯੋਗ ਮੇਅਰ ਨਗਰ ਨਿਗਮ ਜੀ ਦੇ ਪੱਤਰ ਨੰ: 252 ਮਿਤੀ 27-05-19 ਦੇ ਸੰਬਧ ਵਿੱਚ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਮਤਾ ਨੰ: 1/173 ਮਿਤੀ 05-08-2016 ਰਾਹੀਂ ਸੈਕਟਰ 48-71 ਅਤੇ 76-81 ਦੀ ਮੇਨਟੀਨੈਂਸ ਅਤੇ ਕੈਪੀਟਲ ਵਰਕਸ ਮਿਊਂਸਪਲ ਕਾਰਪੋਰੇਸ਼ਨ ਨੂੰ ਤਬਦੀਲ ਕਰਨ ਬਾਰੇ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਸੀ:-<br>"ਇਸ ਆਈਟਮ ਤੇ ਵਿਸਥਾਰ-ਪੂਰਵਕ ਵਿਚਾਰ-ਵਟਾਦਰਾਂ ਕੀਤਾ ਗਿਆ ਅਤੇ ਸੈਕਟਰ 48-71 ਨੂੰ ਟੇਕ ਓਵਰ ਕਰਨ ਦੀ ਪ੍ਰਵਾਨਗੀ ਸਰਬ ਸੰਮਤੀ ਨਾਲ ਦਿੱਤੀ ਗਈ।<br>ਇਸ ਤੋਂ ਬਾਅਦ ਸੈਕਟਰ 76 ਤੋਂ 80 ਦੀ ਸਹਿਮਤੀ ਸਰਬ ਸਮੰਤੀ ਨਾਲ ਇਸ ਸਰਤ ਤੇ ਦਿੱਤੀ ਗਈ ਕਿ ਜਿਹੜੇ ਕੰਮ (ਲਿਟੀਗੇਸ਼ਨ ਫ੍ਰੀ ਏਰੀਏ) ਵਿੱਚ ਹੋਣ ਵਾਲੇ ਹਨ ਜਿਵੇਂ ਕਿ ਪਾਰਕਾਂ ਦੀ ਡਿਵੈਲਪਮੈਂਟ, ਬਹੁਤ ਸਾਰੀਆਂ ਸੜਕਾਂ ਤੇ ਪ੍ਰੀਮਿਕਸ ਅਤੇ ਸੜਕਾਂ ਦੇ ਆਲੇ ਦੁਆਲੇ ਫੁੱਟਪਾਥ ਆਦਿ ਜਦੋਂ ਇਹ ਕੰਮ ਗਮਾਡਾ ਵੱਲੋਂ ਮੁਕੰਮਲ ਕਰ ਦਿੱਤੇ ਜਾਣਗੇ , ਉਸ ਤੋਂ ਬਾਅਦ ਹੀ ਸੈਕਟਰ 76 ਤੋਂ 80 ਨੂੰ ਓਵਰ ਕੀਤਾ ਜਾਵੇ ਅਤੇ ਮੇਅਰ, ਨਗਰ ਨਿਗਮ ਜੀ ਦੇ ਦੱਸਣ ਅਨੁਸਾਰ ਜ਼ੋ ਫੈਸ਼ਲਾ ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਭਾਗ ਜੀ ਦੇ ਦਫਤਰ ਵਿੱਚ ਹੋਈ ਮੀਟਿੰਗ ਵਿੱਚ ਲਿਆ ਗਿਆ ਸੀ ਉਸ ਮੁਤਾਬਿਕ ਇਹਨਾਂ ਸੈਕਟਰਾਂ ਵਿੱਚ ਰਹਿੰਦੇ ਕੰਮ ਮੁੰਕਮਲ ਹੋਣ ਤੋਂ ਬਾਅਦ ਅਗਲੇ 5 ਸਾਲ ਤੱਕ ਇਹਨਾਂ ਦੀ ਐਕਚੂਅਲ ਬੇਸਿਸ ਤੇ ਗਮਾਡਾ ਵੱਲੋਂ ਨਗਰ ਨਿਗਮ ਨੂੰ ਅਦਾਇਗੀ ਕੀਤੀ ਜਾਵੇ। ਇਸ ਤੋਂ ਇਲਾਵਾ ਇਸ ਏਰੀਏ ਵਿੱਚ ਕੋਰਟ ਕੇਸਾਂ ਕਾਰਨ ਜਿਹੜੇ ਕੰਮ ਨਹੀ ਹੋ ਸਕੇ ਉਹ ਪੱਤਰ ਨੰ: ਗਮਾਡਾ/ਏ.ਓ./2016/ 36515 ਮਿਤੀ: 05-08-2016 ਵਿੱਚ ਦਿੱਤੀ ਗਈ ਸਹਿਮਤੀ ਨਾਲ ਹਾਊਸ ਸਹਿਮਤ ਹੈ।<br>ਇਸ ਤੋਂ ਇਲਾਵਾ ਸੈਕਟਰ 81 ਬਾਰੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਕਿਉਂਕਿ ਇਹ ਸੈਕਟਰ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਹੈ। ਇਸ ਬਾਰੇ ਕੋਈ ਵੀ ਫੈਸਲਾਂ ਨਗਰ ਨਿਗਮ ਦੀ ਹਦੂਦ ਵਿੱਚ ਆਉਣ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ। ਇਸ ਲਈ ਇਸ ਦੀ ਸਥਿਤੀ ਨੂੰ ਜਿਉਂ ਦੀ ਤਿਉਂ ਹੀ ਰਹਿਣ ਦਿੱਤੀ ਜਾਵੇ।<br>ਇਸ ਤੋਂ ਇਲਾਵਾ ਹਾਊਸ ਵੱਲੋਂ ਕਿਹਾ ਗਿਆ ਕਿ ਉਹ ਗਮਾਡਾ ਦੇ ਪੱਤਰ ਨੰ GMADA/HO/AO/ 2016/35670 ਮਿਤੀ 02-08-16 ਦੀ ਸਰਤ ਨੰ: 3 ਨਾਲ ਸਹਿਮਤ ਨਹੀ ਹਨ ਕਿਉਂਕਿ ਇਹਨਾਂ ਫੰਡਾ ਵਿੱਚੋਂ ਕੁੱਝ ਫੰਡ</td><td>ਨਗਰ ਨਿਗਮ ਵੱਲੋਂ ਮੈਨਟੇਨ ਕੀਤੇ ਜਾ ਰਹੇ ਏਰੀਏ ਵਿੱਚ ਜੋ ਵਾਟਰ ਅਤੇ ਸੀਵਰੇਜ਼ ਦੇ ਯੂਜ਼ਰ ਯਾਰਜਿਜ ਲਏ ਜਾ ਰਹੇ ਹਨ ਉਸ ਮੁਤਾਬਿਕ ਹੀ ਇਸ ਏਰੀਏ ਦੇ ਯੂਜਰ ਚਾਰਜਜ ਲਏ ਜਾਣ ਸਬੰਧੀ ਫੈਸਲਾ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਸ ਸਬੰਧੀ ਦਫਤਰ ਵੱਲੋਂ ਪੇਸ਼ ਕੀਤੀ ਬਾਕੀ ਤਜਵੀਜ਼ ਵੀ ਸਰਬ ਸੰਮਤੀ ਨਾਲ ਪ੍ਰਵਾਨ ਹੈ।<br>ਮੇਅਰ, ਨਗਰ ਨਿਗਮ ਜੀ ਵੱਲੋਂ ਨਿਗਰਾਨ ਇੰਜੀਨੀਅਰ ਨੂੰ ਕਿਹਾ ਗਿਆ ਕਿ ਜਿਹਨਾ ਘਰਾਂ ਨੂੰ ਪਾਣੀ ਦੇ ਬਿੱਲ ਮੁਆਫ ਹਨ, ਉਹਨਾਂ ਘਰਾਂ ਨੂੰ ਕਿੰਨੇ ਕਿਲੋਲੀਟਰ ਪਾਣੀ ਦੇਣਾ ਹੈ, ਦੀ ਸੀਮਾ ਨਿਰਧਾਰਤ ਕਰਕੇ ਵਾਟਰ ਮੀਟਰ ਲਗਾਉਣ ਸਬੰਧੀ ਸਰਕਾਰ ਨੂੰ ਲਿਖਿਆ ਜਾਵੇ, ਤਾਂ ਜੋ ਹਰੇਕ ਘਰ ਨੂੰ ਪਾਣੀ ਮਿਲ ਸਕੇ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ।</td></tr>
</table>

| | | | | |
|---|---|---|---|---|
| | | | ਓਰੀਜ਼ਨਲ ਕੰਮਾਂ ਤੇ ਅਤੇ ਕੁੱਝ ਮੈਨਟੀਨੈਂਸ ਤੇ ਖਰਚ ਕੀਤੇ ਜਾਣੇ ਹਨ। ਨਗਰ ਨਿਗਮ ਵਿਖੇ ਪੋਲੀਟੀਕਲ ਸਿਸਟਮ ਹੋਣ ਕਰਕੇ ਇੱਥੇ ਕੰਮ ਵਿੱਚ ਦੇਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਸਰਤ ਨੂੰ ਹਟਾਇਆ ਜਾਵੇ।<br><br>ਮੇਅਰ ਸਾਹਿਬ ਵੱਲੋਂ ਕਿਹਾ ਗਿਆ ਕਿ ਪੰਜਾਬ ਵਿੱਚ ਸਾਇਦ ਪਹਿਲੀ ਵਾਰ ਹੋਇਆ ਹੈ ਕਿ ਜਿੱਥੇ ਕਿਸੇ ਵਿਭਾਗ ਨੇ ਏਰੀਆ ਹੈਂਡ ਓਵਰ ਕਰਨ ਦੇ ਨਾਲ ਨਾਲ ਫੰਡ ਵੀ ਦਿੱਤੇ ਹੋਣ। ਸ਼ਹਿਰ ਦੇ ਵਿਕਾਸ ਦੇ ਕੰਮ ਇੱਕੋ ਵਿਭਾਗ ਪਾਸ ਆ ਜਾਣ ਨਾਲ ਸ਼ਹਿਰੀਆ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਜਿਸ ਤੇ ਹਾਊਸ ਵੱਲੋਂ ਸਰਬ ਸੰਮਤੀ ਨਾਲ ਸਰਕਾਰ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਹ ਮੋਹਾਲੀ ਦੇ ਵਿਕਾਸ ਲਈ ਬਹੁਤ ਹੀ ਵਧੀਆ ਉਦਮ ਹੈ ਜ਼ੋ ਕਿ ਕਾਬਿਲੇ ਤਾਰਿਫ ਹੈ"<br><br>ਇਸ ਮਤੇ ਦੀ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-16/45939 ਮਿਤੀ 09-09-16 ਰਾਹੀਂ ਪ੍ਰਵਾਨਗੀ ਹੇਠ ਲਿਖੀ ਸਰਤਾਂ ਤੇ ਦਿੱਤੀ ਗਈ ਸੀ:-<br><br>1) ਗਮਾਡਾ ਵੱਲੋਂ ਜਿਨ੍ਹਾਂ ਸੈਕਟਰਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਅਤੇ ਉਹ ਸੈਕਟਰ ਨਗਰ ਨਿਗਮ ਐਸ.ਏ.ਐਸ. ਨਗਰ ਨੂੰ ਹੈਂਡ ਓਵਰ ਕੀਤੇ ਜਾਣੇ ਹਨ, ਉਨ੍ਹਾਂ ਸੈਕਟਰਾਂ ਦੀ ਸਾਂਭ ਸੰਭਾਲ ਦੇ ਕੰਮਾ ਸਬੰਧੀ ਨਵਾਂ ਸਟਾਫ ਰੱਖਣ ਦੀ ਤਜਵੀਜ ਸਰਕਾਰ ਪ੍ਰਵਾਨ ਕਰੇਗੀ।<br>2) ਸੈਕਟਰ 76 ਅਤੇ 80 ਦੇ ਅਧੂਰੇ ਅਤੇ ਪੂਰੇ ਕੰਮਾਂ ਦਾ ਨਗਰ ਨਿਗਮ ਅਤੇ ਗਮਾਡਾ ਵੱਲੋਂ ਇਕ ਸਮੁੱਚਾ ਸਰਵੇ ਕਰਵਾਉਣਾ ਯੋਗ ਹੋਵੇਗਾ ਤਾਂ ਜ਼ੋ ਇਨ੍ਹਾਂ ਸੈਕਟਰਾਂ ਦੀ ਸਾਂਭ ਸੰਭਾਲ ਅਤੇ ਜਰੂਰੀ ਸੇਵਾਵਾਂ ਦੀ ਮੁਰੰਮਤ ਦਾ ਕੰਮ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਨਗਰ ਨਿਗਮ ਨੂੰ ਹੈਂਡ ਓਵਰ ਕੀਤੇ ਜਾ ਸਕਣ।<br>3) ਗਮਾਡਾ ਵੱਲੋਂ ਨਗਰ ਨਿਗਮ ਨੂੰ ਦਿੱਤੇ ਜਾ ਰਹੇ ਡੈਡਿਕੇਟਿਡ ਫੰਡਜ ਨੂੰ ਨਗਰ ਨਿਗਮ ਵੱਲੋਂ ਇਕ ਵੱਖਰੇ ਖਾਤੇ ਵਿੱਚ ਮੈਨਟੈਨ ਕਰਨਾ ਯੋਗ ਹੋਵੇਗਾ ਅਤੇ ਜ਼ੇਕਰ ਕੁਆਟਰ ਜਾਂ ਉਸ ਤੋਂ ਜਿਆਦਾ ਦੇ ਫੰਡਜ ਉਪਲਬਧ ਕਰਵਾਉਣ ਵਿੱਚ ਅਗਰ ਗਮਾਡਾ ਵੱਲੋਂ ਦੇਰੀ ਹੋ ਜਾਂਦੀ ਹੈ, ਤਾਂ ਕਮਿਸਨਰ, ਨਗਰ ਨਿਗਮ ਅਤੇ ਮੁੱਖ ਪ੍ਰਸਾਸਕ , ਗਮਾਡਾ ਆਪਸੀ ਮੀਟਿੰਗ ਰਾਹੀਂ ਇਸ ਨੂੰ ਸੁਲਝਾਉਣਗੇ। ਜੇਕਰ ਫੰਡਜ ਉਪਲੱਬਧ ਕਰਵਾਉਣ ਸਬੰਧੀ ਉਨ੍ਹਾਂ ਦੇ ਪੱਧਰ ਤੇ ਵੀ ਫੈਸ਼ਲਾ ਨਹੀਂ ਹੁੰਦਾ ਤਾਂ ਵਧੀਕ ਮੁੱਖ ਸਕੱਤਰ/ਪ੍ਰਮੁੱਖ ਸੱਕਤਰ/ਸੱਕਤਰ, ਸਥਾਨਕ ਸਰਕਾਰ ਅਤੇ ਪ੍ਰਮੁੱਖ ਸੱਕਤਰ, ਮਕਾਨ ਅਤੇ ਸਹਿਰੀ ਵਿਕਾਸ ਆਪਣੇ ਪੱਧਰ ਤੇ ਮੀਟਿੰਗ ਕਰਕੇ ਸੁਲਝਾਉਣਗੇ। ਨਗਰ ਨਿਗਮ, ਐਸ.ਏ. ਐਸ .ਨਗਰ ਆਪਣੇ ਆਡਿਟਰ ਤੋਂ ਇਨ੍ਹਾਂ ਫੰਡਾਂ ਦੀ ਵਰਤੋਂ ਸੰਬਧੀ ਗਮਾਡਾ ਵੱਲੋਂ ਹੈਂਡ ਓਵਰ ਹੋਏ ਕੰਮਾਂ ਦਾ ਪੱਕੇ ਤੋਰ ਤੇ ਆਡਿਟ ਕਰਵਾਏਗਾ ਅਤੇ ਵਰਤੋਂ ਸਰਟੀਫਿਕੇਟ ਦੋਵੇ ਨਗਰ ਨਿਗਮ ਅਤੇ ਗਮਾਡਾ ਵੱਲੋਂ ਮੇਨਟੈਨ ਅਤੇ ਵੈਰੀਫਾਈ ਕਰਨੇ ਯੋਗ ਹੋਣਗੇ।<br>4) ਇਨ੍ਹਾਂ ਸੈਕਟਰਾਂ ਦੀ ਸਾਂਭ ਸੰਭਾਲ ਨਾਲ ਸੰਬਧਤ ਜ਼ੋ ਵੀ ਕੋਰਟ ਕੇਸ ਹੋਣਗੇ, ਉਨ੍ਹਾਂ ਦਾ ਜਵਾਬਦੇਹ ਨਗਰ ਨਿਗਮ ਹੋਵੇਗਾ। | |

5) **ਹੈਂਡ ਓਵਰ ਹੋਏ ਸੈਕਟਰਾਂ ਦੀਆ ਸੜਕਾਂ ਸੰਬਧੀ ਕਿਸੇ ਵੀ ਤਰੀਕੇ ਦੀ ਕੋਈ ਪ੍ਰਵਾਨਗੀ/ਐਨ.ਓ.ਸੀ.ਨਗਰ ਨਿਗਮ ਵੱਲੋਂ ਦਿੱਤੀ ਜਾਵੇਗੀ ਅਤੇ ਉਸ ਤੋਂ ਹੋਣ ਵਾਲੀ ਆਮਦਨ ਨਗਰ ਨਿਗਮ ਇੱਕ ਵੱਖਰੇ ਖਾਤੇ ਵਿੱਚ ਰੱਖੇਗਾ।**

6) **ਇਨ੍ਹਾਂ ਫੰਡਾਂ ਤੋਂ ਇਲਾਵਾ ਜ਼ੋ ਕੋਈ ਵਾਧੂ ਫੰਡ ਖਰਚਣ ਦੀ ਲੋੜ ਪੈਂਦੀ ਹੈ ਤਾਂ ਉਹ ਖਰਚਾ ਨਗਰ ਨਿਗਮ ਆਪਣੇ ਸਰੋਤਾਂ ਵੱਲੋਂ ਕਰਨਾ ਯਕੀਨੀ ਬਣਾਏਗਾ। ਨਗਰ ਨਿਗਮ ਇਹ ਯਕੀਨੀ ਬਣਾਏਗਾ ਕਿ ਜਿਨ੍ਹਾਂ ਕੰਮਾਂ ਲਈ ਪੈਸਾ ਜਾ ਫੰਡ ਦਿੱਤੇ ਗਏ ਹਨ, ਉਨ੍ਹਾਂ ਕੰਮ ਵਾਸਤੇ ਹੀ ਖਰਚੇ ਕੀਤੇ ਜਾਣ, ਕਿਸੇ ਹੋਰ ਮੰਤਵ ਲਈ ਫੰਡਾਂ ਦੀ ਡਾਇਵਰਸਨ/ਟਰਾਂਸਫਰ ਨਾ ਕੀਤੀ ਜਾਵੇ।**

ਮਤਾ ਨੰ: 173 ਮਿਤੀ 05-08-16 ਦੀ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-16/45939 ਮਿਤੀ 09-09-16 ਰਾਹੀਂ ਦਿੱਤੀ ਗਈ ਪ੍ਰਵਾਨਗੀ ਦੀ ਮੱਦ ਨੰ: 1 ਦੇ ਮੱਦੇ ਨਜਰ ਇਸ ਦਫਤਰ ਵੱਲੋਂ ਮਤਾ ਨੰ: 201 ਮਿਤੀ 06-12-16 ਰਾਹੀਂ ਸੈਕਟਰ 66 ਤੋਂ 69 ਅਤੇ ਬਲਕ ਮੈਟੀਰੀਅਲ ਮਾਰਕਿਟ ਦੀ ਵਾਟਰ ਸਪਲਾਈ, ਸੀਵਰੇਜ਼ ਅਤੇ ਸਟਾਰਮ ਵਾਟਰ ਡਰੇਨਜ ਸਕੀਮ ਦੀ ਦੇਖਭਾਲ ਕਰਨ ਲਈ ਸਟਾਫ ਦੀ ਪ੍ਰਵਾਨਗੀ ਲਈ ਮਤਾ ਪ੍ਰਵਾਨ ਕਰਕੇ ਪ੍ਰਵਾਨਗੀ ਲਈ ਭੇਜਿਆ ਗਿਆ ਸੀ ਜ਼ੋ ਸਰਕਾਰ ਦੇ ਪੱਧਰ ਤੇ ਵਿਚਾਰ ਅਧੀਨ ਹੈ।

ਇਹਨਾ ਹੁਕਮਾਂ ਦੀ ਪਾਲਣਾ ਵਿੱਚ ਸੈਕਟਰ 66 ਤੋਂ 69 ਦੇ ਸੀਵਰੇਜ਼ ਅਤੇ ਵਾਟਰ ਸਪਲਾਈ ਸਿਸਟਮ ਨੂੰ ਟੇਕ ਓਵਰ ਕਰਨ ਲਈ ਇਹਨਾਂ ਸੈਕਟਰਾਂ ਦੀ ਅਪਗ੍ਰੇਡੇਸਨ ਅਤੇ ਓਪਰੇਸਨ ਐਂਡ ਮੇਨਟੀਨੇਸ਼ ਦੇ ਤਖਮੀਨੇ ਮਤਾ ਨੰ: 200 ਮਿਤੀ 06-12-16 ਰਾਹੀਂ ਪ੍ਰਵਾਨ ਕੀਤੇ ਗਏ ਸਨ।ਮਤਾ ਨੰ 201 ਮਿਤੀ 06-12-16 ਦੀ ਸਰਕਾਰ ਤੋਂ ਪ੍ਰਵਾਨਗੀ ਨਾ ਆਉਣ ਕਾਰਨ ਇਹਨਾ ਕੰਮਾਂ ਨੂੰ ਪੈਂਡਿੰਗ ਰੱਖਿਆ ਗਿਆ ਸੀ।

ਇਸ ਦਫਤਰ ਵੱਲੋਂ ਪੱਤਰ ਨੰ: 242 ਮਿਤੀ 31-05-19 ਰਾਹੀ ਨਿਗਰਾਨ ਇੰਜੀਨੀਅਰ ਗਮਾਡਾ ਜੀ ਤੋਂ ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੀਆ ਡਰਾਇੰਗਾਂ, ਟਿਉਬਵੈੱਲਾ ਦੀ ਡੀਟੇਲ, ਮਸ਼ੀਨਰੀ ਦੀ ਡੀਟੇਲ, ਸਟਾਫ ਦੀ ਡੀਟੇਲ ਅਤੇ ਆਮਦਨ ਅਤੇ ਖਰਚੇ ਦੀ ਡੀਟੇਲ ਮੰਗੀ ਗਈ ਸੀ ਜ਼ੋ ਉਹਨਾਂ ਵੱਲੋਂ ਪੱਤਰ ਨੰ: 2048 ਮਿਤੀ 20-06-2019 ਰਾਂਹੀ ਮੁਹੱਈਆ ਕਰਵਾ ਦਿੱਤਾ ਗਿਆ ਹੈ।ਕਿਉਂਕਿ ਮਤਾ ਨੰ: 200 ਮਿਤੀ 06-12-16 ਰਾਂਹੀ ਪ੍ਰਵਾਨ ਕੀਤੇ ਗਏ ਤਖਮੀਨਿਆ ਨੂੰ ਪ੍ਰਵਾਨ ਕੀਤਿਆਂ ਲਗਭਗ 3 ਸਾਲ ਦਾ ਸਮਾਂ ਹੋ ਚੁੱਕਾ ਹੈ।ਇਸ ਲਈ ਇਹਨਾਂ ਕੰਮਾਂ ਵਿੱਚ ਓ.ਐਂਡ.ਐਂਮ ਦੇ ਕੰਮਾਂ ਲਈ ਠੇਕੇ ਤੇ ਲਏ ਜਾਣ ਵਾਲੇ ਸਟਾਫ ਦੀਆ ਘੱਟੋ ਘੱਟ ਉਜਰਤਾਂ ਵਿੱਚ ਹੋਏ ਵਾਧੇ ਕਾਰਨ ਇਨ੍ਹਾਂ ਤਖਮੀਨਿਆਂ ਨੂੰ ਸਰਕਾਰ ਵੱਲੋਂ ਨਿਰਧਾਰਤ ਕੀਤੀਆ ਗਈਆਂ ਮੌਜੂਦਾ ਘੱਟੋ ਘੱਟ ਉਜਰਤਾਂ ਅਤੇ ਪਿਛਲੇ 3 ਸਾਲਾ ਦੌਰਾਨ ਵਾਟਰ ਸਪਲਾਈ ਸਕੀਮਾਂ ਵਿੱਚ ਗਮਾਡਾ ਵੱਲੋਂ ਕੀਤੀ ਗਈ ਅਪਗ੍ਰੇਡੇਸ਼ਨ/ਤਬਦੀਲੀਆਂ ਦੇ ਆਧਾਰ ਤੇ ਰਿਵਾਇਜ ਕੀਤੇ ਗਏ ਹਨ। ਇਸ ਲਈ ਇਹਨਾਂ ਕਾਰਨਾ ਨੂੰ ਮੱਦੇਨਜਰ ਰੱਖਦੇ ਹੋਏ ਨਗਰ ਨਿਗਮ ਅਤੇ ਗਮਾਡਾ ਦੇ ਫੀਲਡ ਸਟਾਫ ਵੱਲੋਂ ਟਿਉਬਵੈੱਲਾ ਅਤੇ ਵਾਟਰ ਵਰਕਸ ਦਾ ਸਾਝੇਂ ਤੌਰ ਤੇ ਨਿਰੀਖਣ ਕਰਨ ਉਪਰੰਤ ਤਖਮੀਨਿਆ ਵਿੱਚ ਮੌਕੇ ਅਨੁਸਾਰ ਸੋਧ ਕੀਤੀ ਗਈ ਹੈ।ਗਮਾਡਾ ਵੱਲੋਂ ਦਿੱਤੇ ਗਏ ਰਿਕਾਰਡ ਅਨੁਸਾਰ ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕੀਟ ਅਤੇ ਸੈਕਟਰ-76 ਤੋਂ 80 ਦੇ ਕੁਲ ਵਾਟਰ ਸਪਲਾਈ ਕੁਨੈਕਸ਼ਨਾਂ ਦੀ ਗਿਣਤੀ 10,995 ਦੱਸੀ ਗਈ ਹੈ।ਇਹਨਾਂ ਸੈਕਟਰਾ ਦੀ ਸਾਲ 2018-19 ਦੌਰਾਨ Income & expenditure ਦੀ ਡਿਟੇਲ ਗਮਾਡਾ ਵੱਲੋਂ ਹੇਠ ਲਿਖੇ ਅਨੁਸਾਰ ਭੇਜੀ ਗਈ ਹੈ:-

| Sr. no. | Revenue | | | Expenditure | | |
|---|---|---|---|---|---|---|
| Area | Sec. 66 to 69 | Sec. 76 to 80 | Total | Sec. 66 to 69 | Sec. 76 to 80 | Total |
| Year 2018-19 | 2,45,04,201/- | 3,74,37,690/- | **6,19,41,891** | 5,40,17,521/- | 2,00,92,245/- | **7,41,09,765/-** |

ਗਮਾਡਾ ਵੱਲੋਂ ਉਪਰੋਕਤ ਦਰਸਾਈ ਗਈ ਆਮਦਨ ਅਤੇ ਖਰਚੇ ਦੀ ਡਿਟੇਲ ਫਾਈਲ ਵਿੱਚ ਮੌਜੂਦ ਹੈ।ਇਸ ਡਿਟੇਲ ਵਿੱਚ ਸੈਕਟਰ 76 ਤੋਂ 80 ਦੇ ਖਰਚੇ ਦੀ ਡਿਟੇਲ ਦਸੰਬਰ ਮਹੀਨੇ ਤੱਕ ਦੀ ਦਰਸਾਈ ਗਈ ਹੈ। ਇਸ ਲਈ ਇਹਨਾਂ ਸੈਕਟਰਾ ਦੀ ਪ੍ਰਤੀ ਮਹੀਨਾ ਅੰਦਾਜਨ ਖਰਚੇ ਦੇ ਹਿਸਾਬ ਨਾਲ 3 ਮਹੀਨੇ ਦਾ ਖਰਚਾ ਲਗਭਗ 67 ਲੱਖ ਰੂਪਏ ਹੋਰ ਜ਼ੋੜਨ ਉਪਰੰਤ ਇਸ ਏਰੀਏ ਦਾ ਕੁੱਲ ਖਰਚਾ 8,08,09,765/- ਰੂਪਏ ਦੇ ਕਰੀਬ ਆਇਆ ਹੈ।

ਨਗਰ ਨਿਗਮ ਅਤੇ ਗਮਾਡਾ ਦੇ ਫੀਲਡ ਸਟਾਫ ਵੱਲੋਂ ਕੀਤੇ ਗਏ ਸਾਝੇਂ ਨਿਰੀਖਣ ਦੇ ਆਧਾਰ ਤੇ ਨਗਰ ਨਿਗਮ ਦੀ ਓ.ਐਂਡ.ਐਮ ਸ਼ਾਖਾ ਵੱਲੋਂ 66 ਤੋਂ 69 ਅਤੇ 76 ਤੋਂ 80 ਦੇ ਤਖ਼ਮੀਨੇ ਰਿਵਾਇਜ ਕੀਤੇ ਗਏ ਹਨ। ਜਿਨ੍ਹਾਂ ਦੀ ਹਾਊਸ ਦੀ ਪ੍ਰਵਾਨਗੀ ਅਤੇ ਟੈਂਡਰ ਹੋਣ ਉਪਰੰਤ ਅਲਾਟਮੈਂਟ ਕੀਤੀ ਜਾਣੀ ਹੈ।ਇਸ ਪ੍ਰਕ੍ਰਿਆ ਨੂੰ ਘੱਟ ਤੋਂ ਘੱਟ 5-6 ਮਹੀਨੇ ਦਾ ਸਮਾਂ ਲੱਗਣ ਦੀ ਸੰਭਾਵਨਾ ਹੈ ਇਸ ਲਈ ਜਦੋਂ ਤੱਕ ਮਿਉਂਸਪਲ ਕਾਰਪੋਰੇਸ਼ਨ ਦੀ ਟੈਂਡਰ ਪ੍ਰਕ੍ਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਗਮਾਡਾ ਵੱਲੋਂ ਜਿਨ੍ਹਾਂ ਏਜੰਸੀਆਂ ਨੂੰ ਇਨ੍ਹਾਂ ਸਕੀਮਾਂ ਦੀ ਓਪਰੇਸ਼ਨ ਐਂਡ ਮੇਨਟੀਨੇਸ਼ ਦਾ ਕੰਮ ਅਲਾਟ ਕੀਤਾ ਗਿਆ ਹੈ ਉਨ੍ਹਾਂ ਏਜੰਸੀਆਂ ਨੂੰ ਗਮਾਡਾ ਵੱਲੋਂ ਕੀਤੇ ਗਏ ਐਗਰੀਮੈਂਟ ਅਨੁਸਾਰ ਇਸ ਕੰਮ ਦੀ ਅਦਾਇਗੀ ਨਗਰ ਨਿਗਮ ਵੱਲੋਂ ਕਰਨ ਸਬੰਧੀ ਵਿਚਾਰਿਆ ਜਾ ਸਕਦਾ ਹੈ। ਨਗਰ ਨਿਗਮ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆ ਵਾਟਰ ਸਪਲਾਈ ਸਕੀਮਾਂ ਦੇ ਮੌਜੂਦਾ ਸਟੇਟਸ ਅਤੇ ਗਮਾਡਾ ਵੱਲੋਂ ਮੁੱਹਇਆ ਕਰਵਾਏ ਗਏ ਰਿਕਾਰਡ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

1) Rough cost estimate for operation and maintenance of water supply scheme of sector 66 to 69 and bulk material market sector-65 A S.A.S Nagar for the year 2019-20 (Amount = Rs. 284.31 Lacs)
2) Rough cost estimate for operation and maintenance of water supply scheme of sector 76 to 80 S.A.S Nagar for the year 2019-20 (Amount=Rs. 233.98 Lacs)

ਉਪਰੋਕਤ ਤਖਮੀਨਿਆ ਵਿੱਚ ਬਿਜਲੀ ਦੇ ਬਿੱਲਾ ਦਾ ਖਰਚਾ ਸਾਮਿਲ ਨਹੀ ਹੈ। ਉਪਰੋਕਤ ਦੋਂਨੋ ਤਖਮੀਨਿਆ ਦੀ ਕੁੱਲ ਅਨੁਮਾਨਤ ਲਾਗਤ 518.29 ਲੱਖ ਹੈ। ਗਮਾਡਾ ਤੋਂ ਟੇਕ ਓਵਰ ਕੀਤੀਆ ਜਾਣ ਵਾਲੀਆ ਵਾਟਰ ਸਪਲਾਈ ਸਕੀਮਾਂ ਤੇ ਲੱਗੇ ਤਿੰਨ ਪੰਪਿਗ ਸਟੇਸ਼ਨ ਅਤੇ 53 ਟਿਉਬਵੈੱਲਜ ਦੇ ਬਿਜਲੀ ਦੇ ਬਿੱਲਾ ਦਾ ਅਨੁਮਾਨਤ ਸਲਾਨਾ ਖਰਚਾ ਲਗਭਗ 500 ਲੱਖ ਰੂਪਏ ਆਉਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਗਮਾਡਾ ਵੱਲੋਂ ਲਗਾਏ ਗਏ ਪੰਪਿਗ ਹਾਊਸ ਅਤੇ ਟਿਊਬਵੈੱਲਾ ਦੀ ਮਸ਼ੀਨਰੀ ਕਾਫੀ ਪੁਰਾਣੀ ਹੈ ਜਿਸ ਵਿੱਚੋਂ ਕੁਝ ਮਸ਼ੀਨਰੀ ਬਦਲਣ ਦੇ ਟੈਂਡਰ ਗਮਾਡਾ ਵੱਲੋਂ ਲਗਾਏ ਗਏ ਹਨ ਫਿਰ ਵੀ ਕੁਝ ਮਸ਼ੀਨਰੀ ਤੁੰਰਤ ਬਦਲਣ ਦੀ ਲੋੜ ਪੈ ਸਕਦੀ ਹੈ ਇਸ ਲਈ ਇਹਨਾਂ ਸਕੀਮਾਂ ਦੀ ਮੌਕੇ ਤੇ ਲੋੜ ਅਨੁਸਾਰ ਅਪਗ੍ਰੇਡੇਸਨ ਲਈ 300 ਲੱਖ ਰੂਪਏ ਦਾ ਬਜਟ ਉਪਬੰਧ ਕਰਨਾ ਯੋਗ ਹੋਵੇਗਾ। ਇਸ ਲਈ ਉਪਰੋਕਤ

ਅਨੁਸਾਰ ਕੁੱਲ 1300 ਲੱਖ ਰੁਪਏ ਦਾ ਚਾਲੂ ਵਿੱਤੀ ਸਾਲ ਦੇ ਬਜਟ ਵਿੱਚ ਉਪਬੰਧ ਕਰਨਾ ਵਾਜਿਬ ਹੋਵੇਗਾ ਜੀ।

ਗਮਾਡਾ ਵੱਲੋਂ ਭੇਜੀ ਗਈ ਸਟਾਫ ਦੀ ਡਿਟੇਲ ਫਾਈਲ ਵਿੱਚ ਮੌਜੂਦ ਹੈ।ਇਥੇ ਇਹ ਦੱਸਿਆ ਜਾਂਦਾ ਹੈ ਕਿ ਇਸ ਸਮੇਂ ਮਿਓਂਸਪਲ ਕਾਰਪੋਰੇਸ਼ਨ ਦੀ ਓ.ਐਂਡ.ਐਂਮ ਸ਼ਾਖਾ ਵਿੱਚ 1 ਜੇ.ਈ ਅਤੇ 1 ਸਹਾਇਕ ਨਿਗਮ ਇੰਜੀਨੀਅਰ ਕੰਮ ਕਰ ਰਹੇ ਹਨ ਅਤੇ 2 ਸਿਵਲ ਵਿੰਗ ਦੇ ਜੇ.ਈਜ਼ ਨੂੰ ਵਾਧੂ ਚਾਰਜ ਦੇ ਕੇ ਓ.ਐਂਡ.ਐਂਮ ਸ਼ਾਖਾ ਦਾ ਕੰਮ ਚਲਾਇਆ ਜਾ ਰਿਹਾ ਹੈ। ਜਦੋਂ ਤੱਕ ਸਰਕਾਰ ਵੱਲੋਂ ਓ.ਐਂਡ.ਐਂਮ ਸ਼ਾਖਾ ਵਿੱਚ ਹੋਰ ਸਟਾਫ/ ਅਧਿਕਾਰੀਆਂ ਦੀ ਤੈਨਾਤੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਸਿਵਲ ਵਿੰਗ ਦੇ ਜੇ.ਈਜ ਨੂੰ ਓ.ਐਂਡ. ਐਂਮ ਸ਼ਾਖਾ ਵਿੱਚ ਤੈਨਾਤ ਕਰਕੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਨਗਰ ਨਿਗਮ ਦੀ ਓ.ਐਂਡ. ਐਂਮ ਸ਼ਾਖਾ ਵਿੱਚ ਸਟਾਫ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਪੱਤਰ ਲਿਖਣਾ ਵਾਜਿਬ ਹੋਵੇਗਾ।

ਗਮਾਡਾ ਵੱਲੋਂ ਮੇਨਟੇਨ ਕੀਤੇ ਜਾ ਰਹੇ ਏਰੀਏ ਵਿੱਚ ਹੁਕਮ ਨੰ: PUDA/POLICY/A-1/2017/ 30493-519 ਮਿਤੀ 22-09-17 ਰਾਂਹੀ ਹੇਠ ਲਿਖੇ ਅਨੁਸਾਰ ਵਾਟਰ ਅਤੇ ਸੀਵਰੇਜ਼ ਯੂਜਰ ਚਾਰਜ਼ਿਜ ਕੰਜੀਉਮਰਜ ਤੋਂ ਲਏ ਜਾ ਰਹੇ ਹਨ:-

| Sr. no. | Description | Details of Rates | |
|---|---|---|---|
| 1. | Water charges of domestic supplies (metered Supply) | First 20 KL | @Rs. 5/- per KL |
| | | Above 20 KL | @Rs. 10/- per KL |
| 2. | Water consumed in the Institutions shall be charged as below:<br>a) All type of educational Institutions and Hostels attached thereto<br>b) Hospitals/Clinics and buildings appurtenant thereto<br>c) Community Centre/Clubs<br>d) \|Charitable Institutions and hostels attached thereto<br>e) Residential buildings or any part thereof being used for professional purpose for instance , Doctors, Architects, Dentists etc.<br>f) Dhobi Ghats<br>g) Coaching centers and career institutions. | | @ Rs. 10/- per KL |
| 3. | Water used in Government/ Semi- | | @Rs. 10/ per KL |

| | | | |
|---|---|---|---|
| | Government offices and all other commercial/Industrial establishments. | | |
| 4. | Water used in Industrial/Semi-industrial/Commercial establishments/for construction/ renovation | @ Rs. 1.5% of the total cost of construction or Rs. 20 per sft. Whichever is more | |
| 5. | Water used for construction /renovation/repair/addition/alteration for building or part thereof including Government construction shall be charged | @ Rs. 1.5% of the total cost of construction or Rs. 20 per sft. Whichever is more | |
| 6. | Private construction shall be charged | @ Rs. 1.5% of the total cost of construction or Rs. 20 per sft. Whichever is more | |
| 7. | In case of private construction by virtue of which no covered area is generated i e. Estate services e.g. flooring. Estate PH. Services etc. the consumer shall be charged | @ Rs. 1.5% of the total cost of total work. This tariff shall also be applicable in addition to the tariffs mentioned above. | |
| 8. | Drinking potable water consumed for irrigation of lawns (metered) shall be charged | Not applicable as no separate meter is provided for water consumed for irrigation from potable water supply | |
| 9. | Tertiary treated water consumed for irrigation of lawns shall be charged on the following rates | | |
| i. | Residential , Commercial & Industrial with metered supply | | • Residential @ Rs. 2.5/- per KL<br>• Industrial & commercial @ Rs. 5/- per KL |
| ii) | Residential houses without metered supply | | @Rs. 50/- per kanal. Per month |
| iii) | Other lawns/parks having area of one ace of above | | @Rs. 2000/- per acre. Per month |

| | | | |
|---|---|---|---|
| 10. | Sewerage cost | | |
| i) | Residential buildings | | Rs. 15/- per W.C per month |
| ii) | Hotels, Institutions and other categories | | Rs. 30/- per W.C per month |
| 11. | Miscellaneous | | |
| i) | One time security fee for water connection (Refundable) | Upto 4 Marla | Rs. 1000/- |
| | | 4 to 14 Marla | Rs. 5000/- |
| | | Above 14 Marla | Rs. 8000/- |
| | | villages | Rs. 1000/- |
| ii) | One time services connection charges (per connection Non-Refundable) | i) For urban | 2500/- |
| | | ii) For villages | 1000/- |
| iii) | Penalty for illegal water connection | iii) For Uraban | 10,000/- |
| | | iv) For villages | 2000/- |
| 12 | The owner of the premises who install tubewells in their premises after obtaining prior sanction from the competent authority | 50 mm (2") | 9000/- per month |
| | | 65 mm (2-1/2") | 15,000/- per month |
| | | 80 mm (3") | 22,000/- per month |
| | | 100mm (4") | 26,000/- per month |
| | | 120 mm (5") | 40,000/- per month |
| | | 150mm (6") | 45,000/- per month |
| | | Above 150 mm (above 6") | 50,000/- per month |

ਨਗਰ ਨਿਗਮ ਅਤੇ ਜਲ ਸਪਲਾਈ ਤੇ ਸੇਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਮੇਨਟੇਨ ਕੀਤੇ ਜਾ ਰਹੇ ਏਰੀਏ ਵਿੱਚ ਨਗਰ ਨਿਗਮ ਵੱਲੋਂ ਮਤਾ ਨੰ: 16 ਮਿਤੀ 15-03-2001 ਰਾਂਹੀ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੇ ਗਏ ਵਾਟਰ ਅਤੇ ਸੀਵਰੇਜ਼ ਯੂਜਰ ਚਾਰਜ਼ਿਜ ਕੰਜੀਉਮਰਜ ਤੋਂ ਲਏ ਜਾ ਰਹੇ ਹਨ:-

**Water Connection**

| Type of connection | Size of connection | Security | Meter testing charges | Supervision Charges |
|---|---|---|---|---|

| | | | | |
|---|---|---|---|---|
| Residential | ½” | 150/- | 30/- | 700/- |
| | ¾” | 150/- | 40/- | 700/- |
| | 1” | 150/- | 50/- | 700/- |
| Commercial/Ind. | ½” | 300/- | 30/- | 2000/- |
| | ¾” | 600/- | 40/- | 3000/- |
| | 1” | 4000/- | 50/- | 4000/- |

**Water User Charges**
Residential @ Rs.1.80 per kltr.
Commercial/ Ind. @ Rs. 5.00 per kltr

**Sewer Connection**

| Type of connection | Size of connection | Supervision Charges |
|---|---|---|
| Residential | 4” | 500/- |
| Commercial/Ind. | 4” | 1000/- |
| | 6” | 1500/- |
| | 8” | 2000/- |
| | 10” | 2500/- |

**Sewerage User Charges**
Residential @ Rs. 15.00 per sheet
Commercial/Ind. @ Rs. 30.00 per sheet

ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੇ ਓਪਰੇਸ਼ਨ ਐਂਡ ਮੇਨਟੀਨੈਂਸ ਗਮਾਡਾ ਤੋਂ ਟੇਕ ਓਵਰ ਕਰਨ ਸੰਬਧੀ ਮਿਤੀ 19-06-19 ਨੂੰ ਨਿਗਮ ਇੰਜੀਨੀਅਰ ਓ.ਐਂਡ.ਐਮ, ਸਹਾਇਕ ਨਿਗਮ ਇੰਜੀਨੀਅਰ ਓ.ਐਂਡ.ਐਮ ਅਤੇ ਨਿਮਨ ਹਸਤਾਖਰਾਂ ਵੱਲੋਂ ਨਿਗਰਾਨ ਇੰਜੀਨੀਅਰ ਗਮਾਡਾ ਜੀ ਨਾਲ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸੈਕਟਰ 76 ਤੋਂ 80 ਦੇ ਕੁਝ ਏਰੀਏ ਵਿੱਚ ਸੀਵਰੇਜ਼ ਅਤੇ ਸਟਾਰਮ ਨੇਟਵਰਕ ਦੇ ਮਿਸਿੰਗ ਲਿੰਕ ਹਨ ਇਸ ਲਈ ਸੀਵਰੇਜ਼ ਅਤੇ ਸਟਾਰਮ ਨੇਟਵਰਕ ਪੂਰਨ ਤੌਰ ਤੇ ਮੁੰਕਮਲ ਹੋਣ ਉਪਰੰਤ ਹੀ ਟੇਕ ਓਵਰ ਕਰਨਾ ਵਾਜਿਬ ਹੋਵੇਗਾ।

**ਉਪਰੋਕਤ ਦੇ ਮੱਦੇਨਜਰ ਹੇਠ ਲਿਖੇ ਅਨੁਸਾਰ ਹਾਊਸ ਦੇ ਵਿਚਾਰ ਹਿੱਤ ਤਜਵੀਜ ਪੇਸ਼ ਹੈ ਜੀ:-**

1) **ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੇ ਓਪਰੇਸ਼ਨ ਐਂਡ ਮੇਨਟੀਨੈਂਸ ਗਮਾਡਾ ਤੋਂ ਟੇਕ ਓਵਰ ਕਰਨਾ।**

2) **ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੇ**

| | | | | |
|---|---|---|---|---|
| | | | ਓਪਰੇਸ਼ਨ ਐਂਡ ਮੇਨਟੀਨੈਂਸ ਗਮਾਡਾ ਤੋਂ ਟੇਕ ਓਵਰ ਕਰਨ ਉਪਰੰਤ ਆਉਣ ਵਾਲੇ ਖਰਚੇ ਸੰਬਧੀ ਚਾਲੂ ਵਿੱਤੀ ਸਾਲ ਦੇ ਬਜਟ ਵਿੱਚ 1300 ਲੱਖ ਰੁਪਏ ਦਾ ਬਜਟ ਉਪਬੰਧ ਕਰਨ ਸੰਬਧੀ।<br><br>3) ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ 76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੇ ਓਪਰੇਸ਼ਨ ਐਂਡ ਮੇਨਟੀਨੈਂਸ ਗਮਾਡਾ ਤੋਂ ਟੇਕ ਓਵਰ ਕਰਨ ਲਈ ਤਿਆਰ ਕੀਤੇ ਗਏ ਤਖਮੀਨਿਆਂ ਦੀ ਪ੍ਰਵਾਨਗੀ ਦੇਣ ਸੰਬਧੀ।<br><br>4) ਜਦੋਂ ਤੱਕ ਨਗਰ ਨਿਗਮ ਵੱਲੋਂ ਸੈਕਟਰ 66 ਤੋਂ 69, ਬਲਕ ਮੈਟੀਰੀਅਲ ਮਾਰਕਿਟ ਅਤੇ ਸੈਕਟਰ76 ਤੋਂ 80 ਦੀਆਂ ਵਾਟਰ ਸਪਲਾਈ ਸਕੀਮਾਂ ਦੇ ਟੈਂਡਰ ਅਲਾਟ ਨਹੀਂ ਹੋ ਜਾਂਦੇ ਉਦੋਂ ਤੱਕ ਗਮਾਡਾ ਵੱਲੋਂ ਇਹਨਾਂ ਸੈਕਟਰਾ ਦੀ ਓਪਰੇਸ਼ਨ ਐਂਡ ਮੇਨਟੀਨੈਂਸ ਲਈ ਨਾਮਜਦ ਕੀਤੀਆ ਗਈਆ ਏਜੰਸੀਆ ਨਾਲ ਕੀਤੇ ਗਏ ਇਕਰਾਰਨਾਮੇ ਨੂੰ ਪ੍ਰਵਾਨ ਕਰਕੇ ਇਸ ਇਕਰਾਰਨਾਮੇ ਅਨੁਸਾਰ ਅਦਾਇਗੀ ਕਰਨ ਬਾਰੇ।<br><br>5) ਗਮਾਡਾ ਵੱਲੋਂ ਇਸ ਸਮੇਂ ਲਏ ਜਾ ਰਹੇ ਵਾਟਰ ਅਤੇ ਸੀਵਰੇਜ਼ ਯੁਜਰ ਚਾਰਜਜ ਜ਼ੋ ਕਿ ਨਗਰ ਨਿਗਮ ਵੱਲੋਂ ਮੈਨਟੇਨ ਕੀਤੇ ਜਾ ਰਹੇ ਏਰੀਏ ਵਿੱਚ ਲਏ ਜਾ ਰਹੇ ਯੂਜਰ ਚਾਰਜਜ ਤੋਂ ਵੱਖਰੇ ਹਨ।ਇਸ ਸੰਬਧੀ ਯੋਗ ਫੈਸਲਾ ਲੈਣ ਬਾਰੇ।<br><br>ਉਪਰੋਕਤ ਅਨੁਸਾਰ ਕੇਸ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ/ ਅਗਲੇਰੇ ਯੋਗ ਹੁਕਮਾਂ ਹਿੱਤ ਹੈ। | |
| 21 | 511 | 24/06/19 | **ਨਗਰ ਨਿਗਮ ਦੀ ਇੰਡ ਏਰੀਆ ਫੇਜ਼-1 ਮੋਹਾਲੀ ਵਿਖੇ ਸਥਿਤ ਗਓਸ਼ਾਲਾ ਦੇ ਪ੍ਰਬੰਧਕਾਂ ਨੂੰ ਗਊਸ਼ਾਲਾ ਦੀ ਦੇਖਭਾਲ ਸਹੀ ਤਰੀਕੇ ਨਾਲ ਨਾ ਕਰਨ ਕਾਰਨ ਨੋਟਿਸ ਜਾਰੀ ਕਰਨ ਅਤੇ ਗਊਸ਼ਾਲਾ ਕਿਸੇ ਹੋਰ ਸੰਸਥਾ ਨੂੰ ਸੋਪਣ ਲਈ ਟੈਡਰ ਜਾਂ ਦਿਲਚਸਪੀ ਦਾ ਪ੍ਰਗਟਾਵਾ ਕਾਲ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ ਵੱਲੋ ਵਿਸ਼ੇ ਅਧੀਨ ਗਊਸ਼ਾਲਾ ਦੀ 5 ਸਾਲਾਂ ਲਈ ਦੇਖਭਾਲ ਕਰਨ ਲਈ ਮਿਤੀ 16-02-2018 ਨੂੰ ਗੋਰੀ ਸ਼ੰਕਰ ਸੇਵਾਦਲ ਨਾਲ ਇਕਰਾਨਾਮਾ ਕੀਤਾ ਗਿਆ ਸੀ। ਇਸ ਇਕਰਾਰ ਨਾਮੇ ਦੀ ਮਿਆਦ ਮਿਤੀ 04-08-2017 ਤੋ ਮਿਤੀ 03-08-2022 ਤੱਕ ਹੈ।ਇਸ ਇਕਰਾਰਨਾਮੇ ਦੀ ਸ਼ਰਤਾਂ ਮੁਤਾਬਿਕ ਇਸ ਸੰਸਥਾ ਵੱਲੋ ਗਊਸ਼ਾਲਾ ਵਿਖੇ ਰੱਖੀਆਂ ਗਊਆਂ ਦੀ ਦੇਖਭਾਲ ਲਈ ਇੱਕ ਕੁਆਲੀਫਾਈਡ ਡਾਕਟਰ ਰੱਖਣਾ ਅਤੇ ਗਊਸ਼ਾਲਾ ਵਿਖੇ ਰੱਖੀਆ ਗਊਆਂ ਸਬੰਧੀ ਰਿਕਾਰਡ ਰੱਖਣਾਂ ਆਦਿ ਜ਼ਰੂਰੀ ਹੈ।ਇੱਥੇ ਦੱਸਣਯੋਗ ਹੈ ਕਿ ਇਸ ਸਾਲ ਮਾਹ ਜਨਵਰੀ ਅਤੇ ਫਰਵਰੀ ਦੋਰਾਨ ਗਊਸ਼ਾਲਾ ਵਿੱਚ ਵੱਡੀ ਮਾਤਰਾ ਵਿੱਚ ਗਊਆਂ ਦੀ ਮੌਤ ਹੋ ਗਈ ਸੀ ਜਿਸ ਸਬੰਧੀ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵੱਲੋ ਪੜਤਾਲ ਕੀਤੀ ਗਈ ਸੀ।ਪੜਤਾਲ ਦੀ ਰਿਪੋਰਟ ਉਨ੍ਹਾਂ ਵੱਲੋ ਮਾਨਯੋਗ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਅਤੇ ਮੇਅਰ ਨਗਰ ਨਿਗਮ ਜੀ ਨੂੰ ਭੇਜੀ ਗਈ ਸੀ। ਮਾਨਯੋਗ ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਜੀ ਵੱਲੋ ਇਸ ਰਿਪੋਰਟ ਸਬੰਧੀ ਆਪਣੇ ਪੱਤਰ ਨੰ. ਡਸਸ-ਮਸਸ-2019/20937 ਮਿਤੀ 08-05-2019 | ਸਰਬ ਸੰਮਤੀ ਨਾਲ ਦਿਲਚਸਪੀ ਦਾ ਪ੍ਰਗਟਾਵਾ ਕਰਨ ਵਾਲੀਆ ਸੰਸਥਾਵਾਂ ਨੂੰ ਕਾਲ ਕਰਨਾ ਪ੍ਰਵਾਨ ਹੈ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਇਹ ਇਨਕੁਆਰੀ 30 ਦਿਨਾਂ ਦੇ ਅੰਦਰ-ਅੰਦਰ ਮੁਕੰਮਲ ਕੀਤੀ ਜਾਵੇ। |

| | | | | | |
|---|---|---|---|---|---|
| | | | ਰਾਹੀਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਲਿਖਿਆ ਹੈ ਕਿ ਇਸ ਸ਼ਿਕਾਇਤ ਸਬੰਧੀ ਨਿੱਜੀ ਤੋਰ ਤੇ ਪਸ਼ੂ ਪਾਲਣ ਵਿਭਾਗ ਦੇ ਨੁਮਾਇੰਦੇ ਸਹਿਤ ਇਨਕੁਆਰੀ ਕਰਕੇ ਰਿਪੋਰਟ ਉਨ੍ਹਾ ਦੇ ਦਫਤਰ ਨੂੰ ਭੇਜੀ ਜਾਵੇ।ਇਸ ਤੋ ਇਲਾਵਾ ਮਾਨਯੋਗ ਮੇਅਰ ਨਗਰ ਨਿਗਮ ਜੀ ਵੱਲੋ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵੱਲੋ ਮਾਹ ਅਪ੍ਰੈਲ 2019 ਵਿੱਚ ਕੀਤੀ ਪੜਤਾਲ ਸਬੰਧੀ ਪੱਤਰ ਨੰ. 254 ਮਿਤੀ 18-06-2019 ਰਾਹੀਂ ਲਿਖਿਆ ਹੈ ਕਿ ਗਊਸ਼ਾਲਾ ਵਿੱਚ ਘੱਟ ਰਹੀਆਂ/ ਮਰ ਰਹੀਆਂ ਗਊਆਂ ਸਬੰਧੀ ਨਗਰ ਨਿਗਮ ਦੇ ਪੱਤਰ ਨੰ. 1049 ਮਿਤੀ 12-04-2019 ਰਾਹੀਂ ਭੇਜੀ ਗਈ ਪੜਤਾਲ ਨੂੰ ਵਾਚਣ ਤੋ ਪਤਾ ਲਗਦਾ ਹੈ ਕਿ ਇਸ ਪੜਤਾਲ ਦਾ ਕੋਈ ਸਿੱਟਾ ਨਹੀਂ ਕੱਢਿਆ ਗਿਆ ਇਸ ਲਈ ਇਸ ਦੀ ਸਵੈ ਸਪੱਸ਼ਟ ਅਤੇ ਸੰਖੇਪ ਰੂਪ ਵਿੱਚ ਰਿਪੋਰਟ ਭੇਜੀ ਜਾਵੇ। ਸਰਕਾਰ ਵੱਲੋ ਪ੍ਰਾਪਤ ਉਕਤ ਹਦਾਇਤਾਂ ਦੀ ਪਾਲਣਾ ਵਿੱਚ ਨਗਰ ਨਿਗਮ ਵੱਲੋ ਦਫਤਰੀ ਹੁਕਮ ਮਿਤੀ 04-06-2019 ਰਾਹੀਂ ਲੋੜੀਂਦੀ ਪੜਤਾਲ ਕਰਲ ਲਈ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ , ਨਿਗਮ ਇੰਜੀਨਿਅਰ ਸ਼੍ਰੀ ਹਰਕਿਰਨਪਾਲ ਸਿੰਘ , ਸਕੱਤਰ ਸ਼੍ਰੀ ਰੰਜੀਵ ਕੁਮਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਨੁਮਾਇਦੇ ਦੀ ਕਮੇਟੀ ਗਠਿਤ ਕੀਤੀ ਜਾ ਚੁੱਕੀ ਹੈ ਅਤੇ ਪਸ਼ੂ ਪਾਲਣ ਵਿਭਾਗ ਵੱਲੋ ਡਾ. ਗੁਰਇਕਬਾਲ ਗਰੋਵਰ , ਸਹਾਇਕ ਡਾਇਰੈਕਟਰ ਨੂੰ ਪੜਤਾਲ ਲਈ ਆਪਣੇ ਵਿਭਾਗ ਦਾ ਨੁਮਾਇੰਦਾ ਨਿਯੁਕਤ ਕੀਤਾ ਜਾ ਚੁੱਕਾ ਹੈ।ਇੱਥੇ ਦੱਸਣ ਯੋਗ ਹੋਵੇਗਾ ਕਿ ਮੋਜੂਦਾ ਸਮੇਂ ਗਊਸ਼ਾਲਾ ਨੂੰ ਚਲਾ ਰਹੀ ਸੰਸਥਾਂ ਗੋਰੀ ਸ਼ੰਕਰ ਸੇਵਾ ਦਲ ਵੱਲੋ ਮਿਤੀ 03-05-2019 ਨੂੰ ਨਗਰ ਨਿਗਮ ਨੂੰ ਲਿਖਕੇ ਦਿੱਤਾ ਗਿਆ ਸੀ ਕਿ ਫੰਡਾਂ ਦੀ ਘਾਟ ਕਾਰਨ ਉਹ ਗਊਸ਼ਾਲਾ ਨੂੰ ਅੱਗੇ ਚਲਾਉਣ ਵਿੱਚ ਅਸਮੱਰਥ ਹਨ ਇਸ ਲਈ ਉਨਾਂ ਦੀ ਸੰਸਥਾ ਵੱਲੋ ਗਊਸ਼ਾਲਾ ਨੂੰ ਛੱਡਣ ਸਬੰਧੀ ਇੱਕ ਮਹੀਨੇ ਦਾ ਨੋਟਿਸ ਦਿੱਤਾ ਜਾਂਦਾ ਹੈ ਅਤੇ ਮਿਤੀ 02-06-2019 ਤੋ ਬਾਦ ਗਊਸ਼ਾਲਾ ਸਬੰਧੀ ਉਨਾਂ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ ।<br><br>ਉਕਤ ਤੱਥਾਂ ਤੋ ਸਪੱਸ਼ਟ ਹੋ ਜਾਂਦਾ ਹੈ ਕਿ ਗਊਸ਼ਾਲਾ ਦੀ ਦੇਖਭਾਲ ਕਰ ਰਹੀ ਸੰਸਥਾ ਗੋਰੀ ਸ਼ੰਕਰ ਸੇਵਾ ਦਲ ਰਾਹੀਂ ਗਊਸ਼ਾਲਾ ਨੂੰ ਅੱਗੇ ਚਲਾਉਣਾ ਉੱਚਿਤ ਨਹੀਂ ਹੋਵੇਗਾ ਕਿਉਂਕਿ ਇਸ ਸਾਲ ਮਾਹ ਜਨਵਰੀ ਅਤੇ ਫਰਵਰੀ ਦੋਰਾਨ ਗਊਸ਼ਾਲਾ ਵਿੱਚ ਵੱਡੀ ਗਿਣਤੀ ਵਿੱਚ ਗਊਆਂ ਦੀ ਮੋਤ ਲਈ ਇਹ ਸੰਸਥਾ ਜਿੰਮੇਵਾਰ ਹੋ ਸਕਦੀ ਹੈ ਅਤੇ ਇਸ ਸੰਸਥਾਂ ਵੱਲੋ ਲਿਖਕੇ ਵੀ ਦਿੱਤਾ ਜਾ ਚੁੱਕਾ ਹੈ ਕਿ ਉਹ ਅੱਗੇ ਗਊਸ਼ਾਲਾ ਚਲਾਉਣ ਵਿੱਚ ਦਿਲਚਸਪੀ ਨਹੀ ਰੱਖਦੇ ।ਪ੍ਰੰਤੂ ਗਊਸ਼ਾਲਾ ਦੀ ਦੇਖਭਾਲ ਆਪਣੇ ਪੱਧਰ ਤੇ ਕਰਨ ਲਈ ਲੋੜੀਂਦੇ ਸਾਧਨ ਨਹੀਂ ਹਨ।ਇਸ ਲਈ ਯੋਗ ਹੋਵੇਗਾ ਕਿ ਮੋਜੂਦਾ ਸੰਸਥਾਂ ਨੂੰ ਨੋਟਿਸ ਦੇ ਕੇ ਸੂਚਿਤ ਕਰ ਦਿੱਤਾ ਜਾਵੇ ਕਿ ਨਗਰ ਨਿਗਮ ਵੱਲੋ ਗਊਸ਼ਾਲਾ ਦੀ ਦੇਖਭਾਲ ਲਈ ਬਦਲਵੇਂ ਪ੍ਰੰਬਧ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਜਿਸ ਨੂੰ ਕੁਝ ਸਮਾਂ ਲੱਗੇਗਾ ਇਸ ਲਈ ਜਦੋ ਤੱਕ ਗਊਸ਼ਾਲਾ ਦੀ ਅਲਾਟਮੈਂਟ ਨਵੇਂ ਸਿਰੇ ਤੋ ਕਿਸੇ ਹੋਰ ਸੰਸਥਾ ਨੂੰ ਨਹੀਂ ਹੋ ਜਾਂਦੀ ਉਦੋ ਤੱਕ ਗਊਸ਼ਾਲਾ ਦੀ ਦੇਖਭਾਲ ਉਨ੍ਹਾ ਵੱਲੋ ਹੀ ਕੀਤੀ ਜਾਵੇ।ਇਨਾਂ ਤੱਥਾਂ ਦੇ ਮੱਦੇ ਨਜਰ ਤਜ਼ਵੀਜ਼ ਪੇਸ਼ ਕੀਤੀ ਜਾਂਦੀ ਹੈ ਕਿ ਉਕਤ ਸੰਸਥਾ ਨੂੰ ਉਕਤ ਦਰਸਾਏ ਅਨੁਸਾਰ ਪ੍ਰਬੰਧ ਕਿਸੇ ਹੋਰ ਸੰਸਥਾ ਨੂੰ ਸੋਪਣ ਲਈ ਟੈਂਡਰ/ ਦਿਲਚਸਪੀ ਦਾ ਪ੍ਰਗਟਾਵਾ ਕਾਲ ਕਰਨ ਤੇ ਵਿਚਾਰ ਕਰ ਲਿਆ ਜਾਵੇ ਜੀ।ਇੱਥੇ ਇਹ ਦੱਸਣਾਂ ਯੋਗ ਹੋਵੇਗਾ ਕਿ ਗਊਸ਼ਾਲਾ ਦਾ ਪ੍ਰਬੰਧ ਨਵੇਂ ਸਿਰੇ ਤੋ ਕਿਸੇ ਹੋਰ ਸੰਸਥਾਂ ਨੂੰ ਅਲਾਟ ਕਰਨ ਲਈ ਟੈਂਡਰ/ ਦਿਲਚਸਪੀ ਦਾ ਪ੍ਰਗਟਾਵਾ ਕਾਲ ਕਰਨ ਲਈ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਇਹ ਤਜ਼ਵੀਜ਼ ਕਮਿਸ਼ਨਰ , ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |

| | | | | |
|---|---|---|---|---|
| 22 | 512 | 24/06/19 | **<u>ਸਿਲਵੀ ਪਾਰਕ ਫੇਜ–10 ਮੋਹਾਲੀ ਵਿਖੇ ਬੁੱਕ ਕੈਫੇ ਖੋਲ੍ਹਣ ਸਬੰਧੀ।</u>**<br><br>ਰਿਪੋਰਟ ਸੁਪਰਡੈਂਟ (ਜਨਰਲ) ਕਿ ਸਿਲਵੀ ਪਾਰਕ ਫੇਜ–10 ਵਿੱਚ ਨਗਰ ਨਿਗਮ ਵੱਲੋਂ ਬਣਾਈ ਗਈ ਕੰਟੀਨ ਖੁੱਲੀ ਬੋਲੀ ਰਾਂਹੀ ਮਿਤੀ 30–12–16 ਤੋਂ 22–12–19 ਤੱਕ ਸ੍ਰੀ ਗੁਰਪ੍ਰੀਤ ਸਿੰਘ ਚਾਹਲ ਅਤੇ ਸ੍ਰੀ ਜ਼ੋਨੀ ਮਰਵਾਹਾ (ਪਾਰਟਨਰ) ਟਰਾਈਜ ਹੋਸਪੀਟੇਲਟੀ ਚੰਡੀਗੜ੍ਹ ਨੂੰ 20,167/–ਰੁਪਏ ਮਹੀਨਾਵਾਰ ਠੇਕੇ ਤੇ ਦਿੱਤੀ ਗਈ ਸੀ, ਪ੍ਰੰਤੂ ਠੇਕੇਦਾਰ ਵੱਲੋਂ ਮਿਤੀ: 28–05–18 ਨੂੰ 3 ਮਹੀਨੇ ਦਾ ਨੋਟਿਸ ਦੇ ਕੇ ਕੰਟੀਨ ਦਾ ਕੰਮ ਬੰਦ ਕਰ ਦਿੱਤਾ ਗਿਆ।<br>ਸ੍ਰੀਮਤੀ ਨੀਰੂ ਖੱਟਰ ਵੱਲੋਂ ਮਿਤੀ: 09–05–19 ਨੂੰ ਨਗਰ ਨਿਗਮ ਦੇ ਸਿਲਵੀ ਪਾਰਕ ਵਿੱਚ ਬਣੀ ਕੰਟੀਨ ਕਿਰਾਏ ਤੇ ਦੇਣ ਸਬੰਧੀ ਬੇਨਤੀ ਪੱਤਰ ਦਿੱਤਾ ਗਿਆ ਹੈ ਕਿ ਉਸ ਵੱਲੋਂ ਲਿਖਿਆ ਗਿਆ ਹੈ ਕਿ ਉਹ ਐਮ.ਏ.ਐਮ.ਐਡ ਹੈ ਅਤੇ ਅਲ ਸੂਟ ਯੂਨੀਵਰਸਿਟੀ ਲਿਬੀਆ, ਮਸਕਟ ਵਿਖੇ ਬਤੌਰ ਪ੍ਰਿੰਸੀਪਲ, ਲੈਕਚਰਾਰ ਅਤੇ ਕੋਰਡੀਨੇਟਰ ਰਹਿ ਚੁੱਕੀ ਹੈ ਅਤੇ ਇੰਡੀਆ ਅਤੇ ਬਾਹਰਲੇ ਦੇਸ਼ਾਂ ਦੀ ਇੰਸਟੀਚਿਊਸਨ ਵਿੱਚ ਕੰਮ ਕਰ ਚੁੱਕੀ ਹੈ। ਉਹ ਹੁਣ ਸਿਲਵੀ ਪਾਰਕ ਵਿਖੇ ਬੁੱਕ ਕੈਫੇ ਖੋਲ੍ਹ ਕੇ ਕੰਮ ਕਰਨ ਦੀ ਚਾਹਵਾਨ ਹੈ। ਉਸ ਵੱਲੋਂ ਬੁੱਕ ਕੈਫੇ ਖੋਲ੍ਹੋ ਜਾਣ ਸਬੰਧੀ ਆਪਣੇ ਸੁਝਾਅ ਹੇਠ ਲਿਖੇ ਅਨੁਸਾਰ ਦਿੱਤੇ ਹਨ:–<br>**<u>OUR MISSION</u>**<br>.To inculcate the habit of reading.<br>.Platform for senior citizens to sit and chat.<br>.A place for housewives to share their experiences.<br>.For budding, upcoming writers to relax and sit for hours of writing.<br>.Place for introverts to speak openly.<br>.To connect different groups and ages of people through the medium of books.<br>**<u>IMPLIMENTATION</u>**<br>.We shall provide 1000+ books written by Indian and Asian/middle East English writers with which people can relate.<br>.We shall provide all genres of books and for all ages.<br>.We shall conduct open-mics for all ages which might help them to expose their interests accordingly.<br>.We shall give a warm and homely place for senior citizens.<br>.We shall have debates, seminars and interactive sessions for different age groups.<br>**<u>Why We Prefers Silvi ParK?</u>**<br>.This place is preferred because.<br>.There is no book café in Mohali.<br>.This place is quite spacious to accommodate almost 60-70 people.<br>.As it is inside a park, people of all ages take notice to it. | ਸਰਬ ਸੰਮਤੀ ਨਾਲ ਹੇਠ ਲਿਖੀਆ ਸ਼ਰਤਾ ਤੇ ਪ੍ਰਵਾਨ ਹੈ:–<br>1) ਬੁੱਕ ਕੈਫੇ ਖੋਲ੍ਹਣ ਦੀ ਇਜ਼ਾਜਤ ਘੱਟੋ ਘੱਟ ਤਿੰਨ ਸਾਲ ਲਈ ਦਿੱਤਾ ਜਾਵੇ।<br>2) ਇਸ ਦਾ ਕਿਰਾਇਆ 22,000/– ਪ੍ਰਤੀ ਮਹੀਨਾ ਫਿਕਸ ਕੀਤਾ ਜਾਂਦਾ ਹੈ ਅਤੇ ਬਿਜਲੀ, ਪਾਣੀ ਦਾ ਖਰਚਾ ਵੱਖਰਾ ਹੋਵੇਗਾ।<br>3) ਕਿਰਾਏ ਵਿੱਚ 5% ਪ੍ਰਤੀ ਸਾਲ ਵਾਧਾ ਕੀਤਾ ਜਾਵੇਗਾ। |

| | | | | |
|---|---|---|---|---|
| | | | .As it is near residential area as well as market place, people have acess to it.<br>**<u>Our Promotional campaigns</u>**<br>.Blogs<br>.Facebook/Instagram pages<br>.Bookstore coupons<br>.Ads/Flyers<br>. Campus drive<br><br>A coffee shop bookstore can create tremendous value for our community. As book and coffee go very well together, we ensure to serve our customers the best tea/coffee and home - made bakeries.<br>ਇਥੇ ਦੱਸਿਆ ਜਾਂਦਾ ਹੈ ਕਿ ਸਿਲਵੀ ਪਾਰਕ ਵਿੱਚ ਬਣੀ ਹੋਈ ਕੰਟੀਨ ਜ਼ੋ ਕਿ ਕਈ ਮਹੀਨਿਆਂ ਤੋ ਬੰਦ ਪਈ ਹੈ, ਇਹ ਕੰਟੀਨ ਪਹਿਲਾਂ ਠੇਕੇ ਰਾਂਹੀ ਖੁੱਲੀ ਬੋਲੀ ਕਰਵਾ ਕੇ ਪ੍ਰਤੀ ਮਹੀਨਾ ਰੈਂਟ ਦੇ ਦਿੱਤੀ ਜਾਂਦੀ ਰਹੀ ਹੈ, ਜ਼ੋ ਕਿ ਕਦੇ ਵੀ ਕਾਮਯਾਬ ਨਹੀ ਹੋ ਸਕੀ। ਠੇਕੇਦਾਰਾਂ ਵੱਲੋਂ ਸਮੇਂ ਤੋ ਪਹਿਲਾਂ ਹੀ ਇਸ ਕੰਟੀਨ ਦਾ ਕੰਮ ਬੰਦ ਕਰ ਦਿੱਤਾ ਜਾਂਦਾ ਰਿਹਾ ਹੈ। ਪੂਰਬਲੇ ਠੇਕੇਦਾਰ ਤੋਂ ਕੰਟੀਨ ਦਾ ਕਿਰਾਇਆ 20,167/-ਰੁਪਏ ਪ੍ਰਤੀ ਮਹੀਨਾ (ਇਤਕਾਰਨਾਮੇ ਦੀ ਸ਼ਰਤਾਂ ਅਨੁਸਾਰ) ਨਿਰਧਾਰਤ ਕੀਤਾ ਹੋਇਆ ਹੈ, ਹੁਣ ਸਿਲਵੀ ਪਾਰਕ ਫੇਜ-10 ਦੀ ਕੰਟੀਨ ਘੱਟੋ-ਘੱਟ ਪਿਛਲੇ ਕਿਰਾਏ ਦਾ 10 ਪ੍ਰਤੀਸ਼ਤ ਵਾਧਾ ਜਾਂ ਉਕਾ ਪੱਕਾ 25,000/-ਰੁਪਏ ਕਿਰਾਇਆ ਵਸੂਣ ਸਬੰਧੀ ਵਿਚਾਰ ਕੀਤਾ ਜਾ ਸਕਦਾ ਹੈ। ਇਸ ਨਾਲ ਨਗਰ ਨਿਗਮ ਨੂੰ ਕਾਫੀ ਵਿੱਤੀ ਲਾਭ ਹੋਵੇਗਾ ਅਤੇ ਬਿਲਡਿੰਗ ਦਾ ਸਾਂਭ ਸੰਭਾਲ ਵੀ ਚੰਗੀ ਤਰ੍ਹਾ ਹੋ ਸਕੇਗੀ ਅਤੇ ਸ਼ਹਿਰ ਵਾਸੀ ਵੀ ਉਕਤ ਦਰਸਾਈਆਂ ਸ਼ਰਤਾਂ ਅਨੁਸਾਰ ਬੁੱਕ ਕੈਫੇ ਦਾ ਕਾਫੀ ਲਾਭ ਲੈ ਸਕਣਗੇ।<br>ਇਸ ਲਈ ਉਕਤ ਨੂੰ ਵਿਚਾਰਨ ਲਈ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਯੋਗ ਫੈਸਲਾ ਲੈਣ ਹਿੱਤ ਰਿਪੋਰਟ ਪੇਸ਼ ਹੈ । | |
| 23 | 513 | 24/06/19 | **<u>ਕੰਪਲਸਰੀ ਤੰਬਾਕੂ ਵੈਂਡਰ ਲਾਇਸੰਸ ਇੰਨ ਮਿਊਂਸਪਲ ਏਰੀਆ, ਐਸ.ਏ.ਐਸ.ਨਗਰ।</u>**<br><br>ਰਿਪੋਰਟ ਸੁਪਰਡੰਟ (ਤਹਿਬਜਾਰੀ) ਕਿ ਸ੍ਰੀਮਤੀ ਓਪਿੰਦਰ ਪ੍ਰੀਤ ਕੌਰ ਅਰੋੜਾ, ਮੈਂਬਰ ਵਾਰਡ ਨੰ: 29, ਨਗਰ ਨਿਗਮ, ਐਸ.ਏ.ਐਸ.ਨਗਰ/ ਪ੍ਰਧਾਨ, ਜਨਰੇਸ਼ਨ ਸਾਵੀਅਰ ਐਸੋਸੀਏਸ਼ਨ, ਮੋਹਾਲੀ ਵੱਲੋਂ ਬੇਨਤੀ ਕੀਤੀ ਹੈ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਹਦੂਦ ਅੰਦਰ ਸਿਗਰਟ, ਬੀੜੀ, ਤੰਬਾਕੂ ਆਦਿ ਦੀ ਵਿਕਰੀ ਤੇ ਠੱਲ ਪਾਉਣ ਲਈ ਮਿਊਂਸਪਲ ਏਰੀਆ, ਐਸ.ਏ.ਐਸ.ਨਗਰ ਦੇ ਅੰਦਰ ਦੁਕਾਨਾ ਤੇ ਵਿਕ ਰਹੇ ਸਿਗਰਟ, ਬੀੜੀ, ਤੰਬਾਕੂ ਆਦਿ ਦੇ ਲਾਇਸੰਸ ਨੂੰ ਬਣਾਉਣਾ ਕੰਪਲਸਰੀ ਕੀਤਾ ਜਾਵੇ। ਸੋ ਉਕਤ ਅਨੁਸਾਰ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਸਰਬ-ਸੰਮਤੀ ਨਾਲ ਹੇਠ ਲਿਖੀਆ ਸ਼ਰਤਾ ਤੇ ਪ੍ਰਵਾਨ ਹੈ:-<br>1) ਧਾਰਮਿਕ ਸਥਾਨ/ਵਿਦਿਅਕ ਅਦਾਰਿਆ ਦੇ ਨੇੜੇ 100 ਮੀਟਰ ਦੇ ਘੇਰੇ ਵਿੱਚ ਤੰਬਾਕੂ ਦੀ ਵਿਕਰੀ ਨਹੀ ਹੋਵੇਗੀ।<br>2) ਤੰਬਾਕੂ ਵਿਕਰੇਤਾ ਸ਼ਿਰਫ ਤੰਬਾਕੂ ਉਤਪਾਦਾ ਨੂੰ ਹੀ ਵੇਚੇਗਾ।<br>3) ਤੰਬਾਕੂ ਵੇਚਣ ਵਾਲਿਆ ਵੱਲੋਂ ਲਾਲ ਰੰਗ ਦੇ ਚਿੰਨ ਵਾਲਾ ਬੋਰਡ |

| | | | | |
|---|---|---|---|---|
| | | | | ਲਗਾਇਆ ਜਾਵੇਗਾ।<br>4) ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੇ ਕਿਸੇ ਹੋਰ ਮਹਿਕਮੇ ਤੋਂ ਐਨ.ਓ.ਸੀ. ਜਾ ਹੋਰ ਕਿਸੇ ਤਰ੍ਹਾ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ ਤਾਂ ਸਬੰਧਤ ਲਾਇਸੈਂਸ ਧਾਰਕ ਆਪਣੇ ਪੱਧਰ ਤੇ ਲਵੇਗਾ। |
| 24 | 514 | 24/06/19 | ਮੀਟਿੰਗ ਦੌਰਾਨ ਸ਼ਹਿਰ ਵਿੱਚ ਅਵਾਰਾ ਪਸ਼ੂਆ ਅਤੇ ਲੋਕਾਂ ਦੀ ਕੀਤੀ ਗਈ ਇੰਕਰੋਚਮੈਂਟ ਸਬੰਧੀ ਮੁੱਦੇ ਤੇ ਕਾਫੀ ਵਿਚਾਰ ਵਟਾਦਰਾ ਕੀਤਾ ਗਿਆ ਅਤੇ ਕਮਿਸ਼ਨਰ,ਨਗਰ ਨਿਗਮ ਨੂੰ ਕਿਹਾ ਗਿਆ ਕਿ ਤੁਹਾਡੇ ਵੱਲੋਂ ਇਸ ਕੰਮ ਨੂੰ ਪੂਰੀ ਗੰਭੀਰਤਾ ਨਾਲ ਨਹੀ ਲਿਆ ਜਾ ਰਿਹਾ, ਜਿਸ ਕਰਕੇ ਸ਼ਹਿਰ ਵਿੱਚ ਅਵਾਰਾ ਡੰਗਰਾ ਦੀ ਭਰਮਾਰ ਹੈ, ਜਿਸ ਨਾਲ ਦਿਨੋ-ਦਿਨ ਐਕਸੀਡੈਂਟ ਵੱਧ ਰਹੇ ਹਨ ਅਤੇ ਲੋਕਾਂ ਵੱਲੋਂ ਨਜਾਇਜ਼ ਇੰਨਕਰੋਚਮੈਂਟਾਂ ਕਰਕੇ ਸ਼ਹਿਰ ਦੀ ਸੁੰਦਰਤਾ ਨੂੰ ਖਰਾਬ ਕੀਤਾ ਜਾਂ ਰਿਹਾ ਹੈ ਅਤੇ ਨਗਰ ਨਿਗਮ ਦੀਆਂ ਜਾਇਦਾਦਾਂ ਤੇ ਕਬਜ਼ੇ ਕੀਤੇ ਜਾ ਰਹੇ ਹਨ।<br>ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਵੱਲੋਂ ਦੱਸਿਆ ਗਿਆ ਕਿ ਜਦੋਂ ਵੀ ਨਗਰ ਨਿਗਮ ਦਾ ਸਟਾਫ ਸ਼ਹਿਰ ਵਿੱਚ ਲੋਕਾਂ ਵੱਲੋਂ ਕੀਤੀ ਗਈ ਇੰਕਰੋਚਮੈਂਟ ਹਟਾਉਣ ਲਈ ਜਾਂਦਾ ਹੈ ਤਾਂ ਉਹਨਾਂ ਨਾਲ ਸਕਿਓਰਟੀ ਨਾ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਲੋਕਾ ਵੱਲੋਂ ਸਟਾਫ ਉੱਤੇ ਜਾਨੀ ਹਮਲੇ ਵੀ ਕੀਤੇ ਜਾਂਦੇ ਹਨ।ਨਗਰ ਨਿਗਮ ਵੱਲੋਂ ਸਥਾਨਕ ਸਰਕਾਰ ਵਿਭਾਗ, ਪੰਜਾਬ ਨੂੰ ਨਗਰ ਨਿਗਮ, ਮੋਹਾਲੀ ਵਿਖੇ ਪੁਲਿਸ ਸਟਾਫ ਦੀਆਂ ਅਸਾਮੀਆਂ ਦੀ ਰਚਨਾ ਕਰਨ ਲਈ ਵਾਰ-ਵਾਰ ਲਿਖਿਆ ਜਾਂਦਾ ਹੈ ਪ੍ਰੰਤੂ ਨਗਰ ਨਿਗਮ, ਮੋਹਾਲੀ ਵਿਖੇ ਅਜੇ ਤੱਕ ਪੁਲਿਸ ਸਟਾਫ ਦੀਆਂ ਅਸਾਮੀਆਂ ਦੀ ਰਚਨਾ ਨਹੀਂ ਕੀਤੀ ਗਈ ਹੈ।ਇਸ ਤੋਂ ਇਲਾਵਾ ਉਕਤ ਕੰਮ ਲਈ ਪੁਲਿਸ ਵਿਭਾਗ ਨੂੰ ਵੀ ਸਕਿਓਰਟੀ ਮੁਹੱਈਆ ਕਰਵਾਉਣ ਲਈ ਲਿਖਿਆ ਜਾਂਦਾ ਹੈ ਤਾਂ ਉਹਨਾ ਵੱਲੋਂ ਵੀ ਸਕਿਓਰਟੀ ਮੁਹੱਈਆ ਨਹੀਂ ਕਰਵਾਈ ਜਾਂਦੀ।ਜਿਸ ਕਰਕੇ ਨਗਰ ਨਿਗਮ ਮੋਹਾਲੀ ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਨੂੰ ਫੜਨ ਅਤੇ ਲੋਕਾਂ ਵੱਲੋਂ ਕੀਤੀ ਜਾਂਦੀ ਨਜਾਇਜ ਇੰਨਕਰੋਚਮੈਂਟ ਨੂੰ ਹਟਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਹੀ ਹੋ ਪਾ ਰਿਹਾ।ਕਮਿਸ਼ਨਰ, ਨਗਰ ਨਿਗਮ ਵੱਲੋਂ ਇਹ ਵੀ ਦੱਸਿਆ ਗਿਆ ਕਿ ਪੰਜਾਬ ਦੀਆਂ ਕੁਝ ਕਾਰਪੋਰੇਸ਼ਨ ਜਿਵੇਂ ਕਿ ਲੁਧਿਆਣਾ ਵਿਖੇ ਇੰਨਕਰੋਚਮੈਂਟਾਂ ਹਟਾਉਣ ਲਈ ਨਗਰ ਨਿਗਮ ਦੇ ਸਟਾਫ ਦੇ ਨਾਲ ਨਾਲ ਪੁਲਿਸ ਵਿਭਾਗ ਦਾ ਇੱਕ ਵੱਖਰਾ ਸੈਲ ਨਗਰ ਨਿਗਮ, ਲੁਧਿਆਣਾ ਵਿਖੇ ਹੀ ਸਥਾਪਿਤ ਕੀਤਾ ਹੋਇਆ ਹੈ, ਜਿਸ ਕਰਕੇ ਉੱਥੇ ਸਟਾਫ ਨੂੰ ਇੰਨਕਰੋਚਮੈਂਟਾਂ ਦੂਰ ਕਰਨ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਉਂਦੀ।<br>ਸੋ ਉਕਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਗਰ ਨਿਗਮ, ਮੋਹਾਲੀ ਵਿਖੇ ਪੁਲਿਸ ਦੇ 1 ਸਬ-ਇੰਸਪੈਕਟਰ, 1 ਏ.ਐਸ.ਆਈ. ਅਤੇ 5 ਕਾਂਸਟੇਬਲ ਕੁਲ 7 ਪੁਲਿਸ ਮੁਲਾਜ਼ਮ ਡੈਪੂਟੇਸ਼ਨ ਤੇ ਲੈਣ ਵਾਸਤੇ (ਜਿਸਦੀ ਤਨਖਾਹ ਆਦਿ ਦਾ ਸਾਰਾ ਖਰਚਾ ਨਗਰ ਨਿਗਮ, ਮੋਹਾਲੀ ਵੱਲੋਂ ਅਦਾ ਕੀਤਾ ਜਾਵੇਗਾ) ਅਸਾਮੀਆਂ ਦੀ ਰਚਨਾ ਕਰਨ ਲਈ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਤੋਂ ਪ੍ਰਵਾਨਗੀ ਲੈਣ ਲਈ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

1) ਮੀਟਿੰਗ ਦੌਰਾਨ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਦਿਨੋ-ਦਿਨ ਵੱਧ ਰਹੀ ਸਮੱਸਿਆ ਦੇ ਹੱਲ ਲਈ ਕਾਫੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਸਮੱਸਿਆ ਦੇ ਹੱਲ ਕਰਨ ਲਈ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ।ਇਸ ਕਮੇਟੀ ਵੱਲੋਂ ਆਪਣੇ ਪੱਧਰ ਤੇ ਵਿਚਾਰ-ਵਟਾਦਰਾਂ ਕਰਕੇ ਅਵਾਰਾ ਕੁੱਤਿਆਂ ਦੇ ਹੱਲ ਲਈ ਕੋਈ ਕਾਨੂੰਨੀ ਚਾਰਾਜੋਈ ਕਰਨ ਲਈ ਆਪਣੇ ਸੁਝਾਅ ਮੀਟਿੰਗ ਵਿੱਚ ਪੇਸ਼ ਕੀਤੇ ਜਾਣਗੇ ਅਤੇ ਹਾਊਸ ਵੱਲੋਂ ਉਹਨਾਂ ਸੁਝਾਵਾ ਤੇ ਵਿਚਾਰ ਚਰਚਾ ਕਰਕੇ ਅੰਤਿਮ ਫੈਸਲਾ ਲਿਆ ਜਾਵੇਗਾ:-

ਸ੍ਰੀ ਕੁਲਜੀਤ ਸਿੰਘ ਬੇਦੀ, ਮਿਉਸਪਲ ਕੌਸਲਰ, ਚੈਅਰਮੈਨ
ਸ੍ਰੀ ਹਰਪਾਲ ਸਿੰਘ ਚੰਨਾ, " ਮੈਂਬਰ
ਸ੍ਰੀ ਸਿੰਦਰ ਪਾਲ ਸਿੰਘ " ਮੈਂਬਰ
ਸ੍ਰੀ ਸੁਰਿੰਦਰ ਸਿੰਘ ਰਾਜਪੂਤ, " ਮੈਂਬਰ
ਸ੍ਰੀਮਤੀ ਕੁਲਦੀਪ ਕੌਰ ਕੰਗ, " ਮੈਂਬਰ
ਸ੍ਰੀ ਹਰਵੰਤ ਸਿੰਘ, ਚੀਫ ਸੈਨੇਟਰੀ ਇੰਸਪੈਕਟਰ,ਨਗਰ ਨਿਗਮ,ਮੋਹਾਲੀ, ਮੈਂਬਰ

2) ਮੀਟਿੰਗ ਦੌਰਾਨ ਇਹ ਵੀ ਗੱਲ ਧਿਆਨ ਵਿੱਚ ਆਈ ਕਿ ਕਈ ਅਜਿਹੇ ਠੇਕੇਦਾਰ ਹਨ, ਜਿਹਨਾ ਨੂੰ ਵਰਕਸ ਦੇ (ਖਾਸ ਕਰਕੇ ਲੁੱਕ ਦੇ ਕੰਮ) ਕੰਮ ਅਲਾਟ ਹੋਏ ਕਾਫੀ ਸਮਾਂ ਹੋ ਚੁੱਕਾ ਹੈ, ਪਰੰਤੂ ਉਹਨਾਂ ਵੱਲੋਂ ਕੰਮ ਸ਼ੁਰੂ ਨਹੀ ਕਰਵਾਏ ਜਾ ਰਹੇ। ਜਿਸ ਕਰਕੇ ਕਾਫੀ ਮਿਉਂਸਪਲ ਕੌਸਲਰ ਅਤੇ ਪਬਲਿਕ ਵੱਲੋਂ ਸ਼ਿਕਾਇਤਾ ਪ੍ਰਾਪਤ ਹੋ ਰਹੀਆ ਹਨ, ਜਿਸ ਨਾਲ ਨਗਰ ਨਿਗਮ ਦੀ ਛਵੀ ਵੀ ਖਰਾਬ ਹੁੰਦੀ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੂੰ ਹਦਾਇਤ ਕੀਤੀ ਗਈ ਕਿ ਜੋ ਵੀ ਅਜਿਹੇ ਠੇਕੇਦਾਰ ਹਨ, ਜੇਕਰ ਉਹਨਾ ਵੱਲੋਂ ਅਡਰਟੇਕਿੰਗ ਦੇ ਕੇ ਮਿਤੀ 27/6/2019 ਤੱਕ ਆਪਣੀਆਂ-ਆਪਣੀਆ ਅਲਾਟਡ ਸਾਈਟਾਂ ਤੇ ਕੰਮ ਸ਼ੁਰੂ ਨਾ ਕੀਤਾ ਗਿਆ ਤਾਂ ਉਹਨਾ ਨੂੰ ਬਲੈਕ ਲਿਸਟ ਕਰਨ ਲਈ ਕੇਸ ਕਮਿਸ਼ਨਰ,ਨਗਰ ਨਿਗਮ ਰਾਂਹੀ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ਅਤੇ ਸਬੰਧਤ ਕੰਮਾਂ ਦੇ ਸ਼ਾਰਟ ਟਰਮ ਟੈਂਡਰ ਲਗਾਏ ਜਾਣ।

ਸਹੀ/
ਮੇਅਰ
ਨਗਰ ਨਿਗਮ,
ਐਸ.ਏ.ਐਸ ਨਗਰ